Postal No.-- CHD/0111/2015-17

Regd No. 32212/78

# ਲੁਬਾਣਾ ਸੇਵਕ

ਜੁਲਾਈ 2015 ਮਾਸਿਕ ਮੁੱਲ : 15/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸਮੂਹ ਪੰਜਾਬੀਆਂ ਨੂੰ ਲੱਖ-ਲੱਖ ਵਧਾਈਆਂ !

**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ ॥**



ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਦਿੱਲੀ ਵਿਖੇ ਚੇਚਕ ਦਾ ਰੋਗ ਦੂਰ ਕਰਦੇ ਹੋਏ ਅਤੇ ਪੰਜੋਖਰਾ ਸਾਹਿਬ ਵਿਖੇ ਛੱਜੂ ਝੀਵਰ ਤੋਂ ਗੀਤਾ ਦੇ ਅਰਥ ਕਰਵਾਉਂਦੇ ਹੋਏ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

## ਸੰਪਾਦਕੀ ...

# ਪਵਣ ਗੁਰੂ ਪਾਣੀ ਪਿਤਾ, ਮਾਤਾ, ਧਰਤਿ ਮਹਤੁ ॥



ਪਵਣ, ਪਾਣੀ, ਧਰਤੀ ਦੀ ਮਹਤੱਤਾ ਸਪੱਸ਼ਟ ਹੈ ਬਾਦੀ ਅਬਾਦੀ ਫਲਸਵਰੂਪ ਹਰੀ ਕ੍ਰਾਂਤੀ ਦੇ ਨਾਮ ਤੇ ਕਰੋੜਾਂ ਦਰੱਖਤਾਂ ਦੀ ਬਲੀ ਦਿੱਤੀ ਜਾਂਦੀ ਹੈ ਅਤੇ ਅੰਧਾਧੁੰਦ ਕੱਟਣ ਫਲਸਵਰੂਪ ਮੌਸਮ ਬਦਲ ਰਿਹਾ ਹੈ। ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਮੀਂਹ ਘੱਟ ਪੈਂਦੇ ਹਨ, ਜ਼ਮੀਨੀ ਪਾਣੀ ਦੀ ਸਤਹਿ ਦਿਨ-ਬ-ਦਿਨ ਥੱਲੇ ਜਾ ਰਹੀ ਹੈ। ਕਈ ਪੰਛੀ ਦਰੱਖਤਾਂ ਤੋਂ ਬਗੈਰ ਅਲੋਪ ਹੋ ਗਏ ਹਨ, ਆਬੋ ਹਵਾ ਪ੍ਰਦੂਸ਼ਿਤ ਹੁੰਦੀ ਹੈ, ਆਲਮਿਕ ਤਪਸ਼ ਵੱਧ ਜਾਂਦੀ ਹੈ, ਗਲੇਸ਼ੀਅਰ ਪਿਘਲਦੇ ਹਨ ਅਤੇ ਦਿਨ-ਬ-ਦਿਨ ਤੇਜ਼ੀ ਨਾਲ ਘੱਟ ਰਹੇ ਹਨ। ਜਿਸ ਕਾਰਨ ਸਮੁੰਦਰੀ ਤੂਫਾਨਾਂ ਤੇ ਭੂਚਾਲਾਂ ਦਾ ਵਧੇਰੇ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਇਸ ਵਿਚ ਦਿਨ-ਬ-ਦਿਨ ਵਾਧਾ ਹੋ ਰਿਹਾ ਹੈ। ਇਹ ਸਾਰੀ ਭਿਆਨਕ ਸਥਿਤੀ ਨੂੰ ਠੱਲ ਪਾਉਣ ਲਈ ਜ਼ਰੂਰੀ ਹੈ ਕਿ ਦਰੱਖਤ ਲਗਾਏ ਜਾਣ, ਪਾਣੀ, ਬਿਜਲੀ ਅਤੇ ਤੇਲ ਦੀ ਸੰਜਮ ਨਾਲ ਵਰਤੋਂ ਕੀਤੀ ਜਾਵੇ। ਦਰੱਖਤ ਹਰਿਆਵਲ ਲਿਆਉਂਦੇ ਹਨ ਅਤੇ ਵਾਤਾਵਰਨ ਨੂੰ ਸ਼ੁੱਧ ਕਰਦੇ ਹਨ। ਦਰੱਖਤ ਅਤੇ ਬੂਟਿਆਂ ਵਗੈਰਾ ਨੂੰ ਜ਼ਮੀਨ ਤੇ ਪ੍ਰਗਟ ਨਾਲ ਉਪਜਾਊ ਜ਼ਮੀਨ ਦਾ ਖੋਰਾ ਨਹੀਂ ਹੁੰਦਾ ਜਿਸ ਨਾਲ ਖੇਤੀ ਅਤੇ ਹੋਰ ਉਪਜਾਂ ਜਾਂ ਜਿਨਸਾਂ ਇਨਸਾਨੀ ਜ਼ਿੰਦਗੀ ਨੂੰ ਜਿਊਣ ਲਈ ਸੌਖਾ ਕਰਦੀਆਂ ਹਨ। ਦਰੱਖਤ ਨਾਲ ਪ੍ਰਦੂਸ਼ਨ ਨੂੰ ਕਾਫੀ ਠੱਲ ਮਿਲਦੀ ਹੈ। ਸਾਨੂੰ ਇਸ ਬਰਸਾਤੀ ਮੌਸਮ ਵਿਚ ਵਣ ਮਹਾਂਉਤਸਵ ਵਿਚੋਂ ਮਿੱਥੇ ਸਮੇਂ ਵਿਚ ਖਾਸ ਕਰਕੇ ਦਰੱਖਤ ਲਾਉਣ ਦਾ ਮੁਹਿੰਮ ਦੇ ਤੌਰ ਤੇ ਵਧੀਆ ਅਤੇ ਯੋਗ ਉਪਰਾਲਾ ਕਰਨਾ ਚਾਹੀਦਾ ਹੈ ਤਾਂ ਕਿ ਜ਼ਿੰਦਗੀ ਨੂੰ ਖੂਬਸੂਰਤ ਬਨਾਉਣ ਵਿਚ ਇਕ ਕਦਮ ਅੱਗੇ ਵੱਧੇ। ਦਰੱਖਤ ਸਮਿਆਂ ਤੋਂ ਬੰਦੇ ਦੇ ਜੀਵਨ ਤੋਂ ਲੈ ਕੇ ਮਰਨ ਤੱਕ ਕੰਮ ਆਉਂਦੇ ਹਨ ਜਿਵੇਂ ਕਿ ਹਲ੍ਹ, ਪੰਜਾਲੀ, ਗਡੇ ਇਤਿਆਦ ਅਤੇ ਅੰਤ ਵੇਲੇ ਵੀ ਲੱਕੜਾਂ ਦੀ ਲੋੜ ਪੈਂਦੀ ਹੈ। ਹਰ ਜੀਵਨ ਦੇ ਪਹਿਲੂ ਵਿਚ ਦਰੱਖਤਾਂ ਦਾ ਸਦਉਪਯੋਗ ਕਰਨਾ ਲਾਹੇਵੰਦ ਹੁੰਦਾ ਹੈ। ਦਰੱਖਤ ਲਾਉਣ ਦਾ ਲਾਭ ਪੀੜ੍ਹੀ-ਦਰ-ਪੀੜ੍ਹੀ ਵਿਚ ਹੁੰਦਾ ਹੈ ਜਿਵੇਂ ਕਹਿੰਦੇ ਹਨ ਕਿ ਅੰਬ ਜਾਂ ਹੋਰ ਫਲਦਾਰ ਦਰੱਖਤ ਲਾਓ ਤਾਂ ਬੱਚੇ ਖਾਣਗੇ। ਚੰਗਾ ਕੰਮ ਕਰਾਂਗੇ ਤਾਂ ਚੰਗਾ ਫਲ ਹੋਵੇਗਾ। ਸਾਨੂੰ ਮਿਆਰੀ ਦਰੱਖਤ ਲਾਉਣ ਦੇ ਨਾਲ-ਨਾਲ ਇਲਾਕੇ ਦੇ ਮੌਸਮ ਦੇ ਹਿਸਾਬ ਨਾਲ ਫਲਦਾਰ ਦਰੱਖਤ ਜਿਵੇਂ ਕਿ ਜਾਮੁਨ, ਅੰਬ, ਨਿੰਬੂ, ਸੰਗਤਰਾ, ਅਮਰੂਦ, ਬੇਰ ਇਤਿਆਦਿ ਘਰਾਂ ਤੇ ਖੇਤਾਂ ਵਿਚ ਲਾਉਣੇ ਚਾਹੀਦੇ ਹਨ। ਪਾਪੂਲਰ, ਸਫੈਦਾ, ਲੱਸਣ, ਹਲਦੀ, ਪਿਆਜ ਅਤੇ ਹੋਰ ਸਬਜ਼ੀਆਂ ਨਾਲ ਪਰਿਵਾਰਿਕ ਆਮਦਨ ਵਿਚ ਵੀ ਵਾਧਾ ਹੁੰਦਾ ਹੈ। ਇਸ ਨਾਲ ਨਾਲੇ ਪੁੰਨ ਤੇ ਨਾਲੇ ਫਲੀਆਂ ਮਿਲਦੇ ਹਨ। ਇਸ ਨਾਲ **"ਜੇਹਾ ਬੀਜੇ ਸੋ ਲੁਣੈ ਕਰਮਾਂ ਸੰਦੜਾ ਖੇਤ ॥"** ਚੰਗੇ ਅਮਲ ਤੇ ਨਿਰਮਲ ਵਰਤਾਰੇ ਨਾਲ ਲੋਕਾਂ ਦੇ ਮਨਾਂ ਵਿਚ ਥਾਂ ਬਨਾਉਣਗੇ। ਦਰੱਖਤਾਂ ਦੇ ਉਪਯੋਗ ਵਾਸਤੇ ਮਸ਼ਹੂਰ ਕਵੀ ਸ਼ਿਵ ਕੁਮਾਰ ਬਟਾਲਵੀ ਜੀ ਦੀਆਂ ਹੇਠ ਲਿਖੀਆਂ ਸਤਰਾਂ ਸਾਨੂੰ ਹਰ ਪੱਖ ਤੋਂ ਪਿਆਰ ਤੇ ਸੰਜੋਗ ਨਾਲ ਜੋੜਦੀਆਂ ਹਨ-

**ਕੁਝ ਰੁੱਖ ਮੈਨੂੰ ਪੁੱਤ ਲਗਦੇ ਨੇ, ਕੁਝ ਰੁੱਖ ਲਗਦੇ ਮਾਵਾਂ। ਕੁਝ ਰੁੱਖ ਨੂੰਹਾਂ ਧੀਆਂ ਲਗਦੇ, ਕੁਝ ਰੁੱਖ ਵਾਂਗ ਭਰਾਵਾਂ।**
**ਕੁਝ ਰੁੱਖ ਮੇਰੇ ਬਾਬੇ ਵਾਕਣ, ਪੱਤਰ ਟਾਵਾਂ ਟਾਵਾਂ। ਕੁਝ ਰੁੱਖ ਮੇਰੀ ਦਾਦੀ ਵਰਗੇ, ਚੂਰੀ ਪਾਵਣ ਕਾਵਾਂ।**
**ਕੁਝ ਰੁੱਖ ਯਾਰਾਂ ਵਰਗੇ ਲਗਦੇ, ਚੁੰਮਾ ਤੇ ਗੱਲ ਲਾਵਾਂ। ਇਕ ਮੇਰੀ ਮਹਿਬੂਬ ਵਾਕਣ ਮਿੱਠਾ ਅਤੇ ਦੁਖਾਵਾਂ।**
**ਕੁਝ ਰੁੱਖ ਮੇਰਾ ਦਿਲ ਕਰਦਾ ਏ ਮੋਢੇ ਚੁੱਕ ਖਿਡਾਵਾਂ। ਕੁਝ ਰੁੱਖ ਜਦ ਵੀ ਰੱਲ ਕੇ ਝੂਮਣ ਤੇਜ਼ ਵੱਗਣ ਜਦ ਵਾਵਾਂ।**
**ਸਾਂਵੀ ਬੋਲੀ ਸਭ ਰੁੱਖਾਂ ਦੀ ਦਿਲ ਕਰਦਾ ਲਿਖ ਜਾਵਾਂ। ਮੇਰਾ ਵੀ ਇਹ ਦਿਲ ਕਰਦਾ ਏ ਰੁੱਖ ਦੀ ਜੂਨੇ ਆਵਾਂ।**
**ਜੇ ਤੁਸਾਂ ਮੇਰਾ ਗੀਤ ਹੈ ਸੁਣਨਾ ਮੈਂ ਰੁੱਖਾਂ ਵਿਚ ਗਾਵਾਂ। ਰੁੱਖ ਤਾਂ ਮੇਰੀ ਮਾਂ ਵਰਗੇ ਨੇ ਜਿਊਣ ਰੁੱਖਾਂ ਦੀਆਂ ਛਾਵਾਂ।**

ਮਨੁੱਖਤਾ ਦੀ ਮਹਤੱਤਾ ਤੇ ਸਾਂਝ ਨੂੰ ਸਦੀਆਂ ਤੋਂ ਪ੍ਰਭਾਵਿਤ ਕਰਦੀਆਂ ਰਹੀਆਂ ਹਨ। ਮਨੁੱਖਤਾ ਦੇ ਪ੍ਰਭਾਵ ਨੂੰ ਦਰੱਖਤ ਹਮੇਸ਼ਾ ਹੀ ਰਾਜੇ ਮਹਾਰਾਜਿਆਂ ਤੋ ਲੈ ਕੇ ਰਿਸ਼ੀਆਂ-ਮੁੰਨੀਆਂ ਤੱਕ ਸਮਾਜ ਵਿਚ ਕਦਰਾਂ ਕੀਮਤਾਂ ਵਧਾਉਂਦੇ ਰਹੇ ਹਨ। ਸੋ ਸਾਨੂੰ ਦਰੱਖਤਾਂ ਨਾਲ ਪਿਆਰ ਅਤੇ ਇਨ੍ਹਾਂ ਨੂੰ ਮਨੁੱਖੀ ਜੀਵਨ ਦੀ ਤਰ੍ਹਾਂ ਸਾਂਭ ਕੇ ਵਧਾਉਣਾ ਅਤੇ ਰੱਖਣਾ ਚਾਹੀਦਾ ਹੈ।

ਗੁਰਚਰਨ ਸਿੰਘ
ਪ੍ਰਧਾਨ ਅਤੇ ਮੁੱਖ ਸੰਪਾਦਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ
ਮੋ. 98140-17067

# ਲੁਬਾਣਾ ਸੇਵਕ


**Chief Editor**
S. Gurcharan Singh
117, Sector-35-A, Chandigarh
M.: 98140-17067

**Addl. Chief Editor**
Major Narinder Singh Jallo (Retd.)

**Editor**
S. Bhagwan Singh Lubana
Dy. Chief Engineer (Retd.)
187, Hardyal Nagar, Garha Road, Jalandhar
E-mail:lubanabs@yahoo.co.in
M.: 98155-40240

**Co-Editor**
S. Manjit Singh S.E. (Retd.) Jalandhar

**Outline Editor**
Er. Harbir Singh Multani Jalandhar

**Advisors**
Principal Dr. Tarlok Singh, Mohali
S. Naginder Singh, Mohali
S. Rajinder Singh, Jalandhar
S. Surinder Singh Ruby (E.T.O.), Jalandhar
Dr. Davinder Singh, Mukerian


**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**


ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਫ਼ੋਨ - 0172-2657340
e-mail:lobanafoundation@gmail.com

FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
Contact no.-0172-2657340 & President 9814017067, General Secretary-94173-39469

| | | |
|---|---|---|
| ਦੇਸ | : | 150 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 1100 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ ਜ਼ਹੂਰਾ

## ਤਤਕਰਾ


ਜਿਲਦ ਨੰ. 41 | ਅੰਕ - 41 | ਜੁਲਾਈ - 2015



| | | |
|---|---|---|
| 1. | ਬਾਬਾ ਬੁੱਲ੍ਹੇ ਸ਼ਾਹ | 4 |
| 2. | ਗੁਰੂ ਹਰਿਗੋਬਿੰਦ ਸਾਹਿਬ ਜੀ : ਜੀਵਨ-ਝਾਤ | 7 |
| 3. | ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੈ ਸਭਿ ਦੁਖਿ ਜਾਇ॥ | 10 |
| 4. | ਗੁਰ ਸਾਗਰ ਦੇ ਸੁੱਚੇ ਮੋਤੀ | 12 |
| 5. | ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਸਰਗਰਮੀਆਂ | 16 |
| 6. | 'ਭੁੱਲੇ ਵਿਸਰੇ ਸਿੱਖ' | 18 |
| 7. | ਬਿਰਧਾਂ ਦੀ ਸੇਵਾ | 19 |
| 8. | ਸ਼ੋਕ ਸਮਾਚਾਰ | 21 |
| 9. | ਸ਼ੋਕ ਸਮਾਚਾਰ | 22 |
| 10. | ਕਾਵਿ-ਕਿਆਰੀ | 23 |
| 11. | ਸਿਹਤ ਸੰਭਾਲ | 24 |
| 12. | ਫਾਰਮ | 25-33 |
| 13. | ਲੁਬਾਣਾ ਸੇਵਕ ਫਾਊਂਡੇਸ਼ਨ ਚੰਡੀਗੜ੍ਹ ਦੇ ਮੈਂਬਰਾਂ ਦੀ ਲਿਸਟ | 34 |
| 14. | ਦਾਨੀ ਸੱਜਣਾਂ ਦੀ ਸੂਚੀ | 35 |


**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ ॥**



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।


**Printed & Published by Gurcharan Singh for Baba Makhan Shah Lobana Foundation (Regd.) Sector 30-A, Chandigarh.**

**Computer Designing - WP&S, M.: 98153-78692**

# ਬਾਬਾ ਬੁੱਲ੍ਹੇ ਸ਼ਾਹ



ਬਾਬਾ ਬੁੱਲ੍ਹੇ ਸ਼ਾਹ ਪੰਜਾਬ ਦੇ ਮਹਾਨ ਸੂਫ਼ੀ ਸੰਤ ਕਵੀ ਹੋਏ ਹਨ ਅਤੇ ਬੁੱਲ੍ਹੇ ਸ਼ਾਹ ਬਾਰੇ ਤਕਰੀਬਨ ਹਰ ਪੰਜਾਬੀ ਇਸ ਨਾਮ ਤੋਂ ਪੂਰੀ ਤਰ੍ਹਾਂ ਵਾਕਿਫ ਹਨ। ਬੁਲ੍ਹੇ ਸ਼ਾਹ ਦੀਆਂ ਕਾਫੀਆਂ ਅਤੇ ਦੋਹੜੇ ਜਾਂ ਦੋਹੇ ਲੋਕ ਮਨਾਂ ਅੰਦਰ ਅਜਿਹੀਆਂ ਵਸੀਆਂ ਹੋਈਆਂ ਹਨ ਕਿ ਗਾਉਣ ਅਤੇ ਸੁਨਣ ਵਾਲਿਆਂ ਨੂੰ ਅਜੀਬ ਜਿਹਾ ਸਰੂਰ ਆ ਜਾਂਦਾ ਹੈ। ਬੁਲ੍ਹੇ ਸ਼ਾਹ ਨੂੰ ਸੂਫ਼ੀਆਂ ਦਾ ਸਿਰਤਾਜ ਕਵੀ ਵੀ ਕਿਹਾ ਜਾਂਦਾ ਹੈ ਅਤੇ ਇਸ ਮਹਾਨ ਕਵੀ ਦੀਆਂ ਰਚਨਾਵਾਂ ਲੋਕਾਂ ਦੀ ਜ਼ੁਬਾਨ 'ਤੇ ਚੜ੍ਹੀਆਂ ਹੋਈਆਂ ਹਨ। ਜਿਸ ਕਰਕੇ ਬੁਲ੍ਹੇ ਸ਼ਾਹ ਆਪਣੇ ਸਮੇਂ ਤੋਂ ਹੁਣ ਤੱਕ ਦੇ ਸਿਰਮੌਰ ਪੰਜਾਬੀ ਸੂਫ਼ੀ ਕਵੀ ਹੋਏ ਹਨ। ਪਰ ਪੰਜਾਬੀ ਸੁਭਾਅ ਮੁਤਾਬਿਕ ਅਸੀਂ ਅਕਸਰ ਆਪਣੇ ਮਹਾਨ ਗੁਰੂਆਂ, ਸੰਤਾਂ, ਪੀਰਾਂ, ਫਕੀਰਾਂ ਬਾਰੇ ਓਪਰੀ ਜਿਹੀ ਜਾਣਕਾਰੀ ਰੱਖਦੇ ਹਾਂ ਜੋ ਕਿ ਸਾਹਿਤਕ ਅਤੇ ਸੱਭਿਆਚਾਰਕ ਪੱਖਾਂ ਤੋਂ ਬਹੁਤ ਘਾਤਕ ਵਰਤਾਰਾ ਹੈ। ਬੜੇ ਚਿਰਾਂ ਤੋਂ ਮੇਰੀ ਤਾਂਘ ਸੀ ਕਿ ਕੁਝ ਗੁਰੂਆਂ, ਪੀਰਾਂ, ਫਕੀਰਾਂ, ਸੰਤਾਂ ਬਾਰੇ ਸਿੱਧੇ ਸਾਧੇ ਰੂਪ ਵਿੱਚ ਇਨ੍ਹਾਂ ਦੇ ਜੀਵਨ ਬ੍ਰਿਤਾਂਤ ਨੂੰ ਲਿਖਣ ਦੀ ਅਤੇ ਤੁਹਾਡੇ ਸਨਮੁਖ ਪੇਸ਼ ਕਰਨ ਦੀ ਅਤੇ ਅਜਿਹੇ ਸਿਲਸਿਲੇ ਦੀ ਸ਼ੁਰੂਆਤ ਬਾਬਾ ਬੁੱਲ੍ਹੇ ਸ਼ਾਹ ਤੋਂ ਕਰਨ ਦਾ ਉਪਰਾਲਾ ਕੀਤਾ ਹੈ। ਬਾਬਾ ਬੁਲ੍ਹੇ ਸ਼ਾਹ ਜੀ ਦੀ ਜੀਵਨੀ ਦੀ ਘੋਖ ਅਤੇ ਪੜਚੋਲ ਆਪਣੇ ਆਪ ਵਿੱਚ ਇਕ ਅਧਿਆਤਮਕ ਆਨੰਦਮਈ ਕਾਰਜ ਹੈ।

ਬੁੱਲ੍ਹੇਸ਼ ਾਹਦ ਾਬ ਚਪਨਦ ਾਨ ਾਮਅ ਬਦੁੱਲਾਹਸ਼ ਾਹਸ ੀ ਅਬਦੁੱਲਾਹ ਦਾ ਅਰਥ ਹੈ ਅੱਲ੍ਹਾ ਦਾ ਬੰਦਾ। ਇਹੋ ਅਬਦੁਲਾਹ ਸ਼ਾਹ ਬਾਅਦ ਵਿੱਚ ਬਾਬਾ, ਸਾਂਈਂ ਜਾਂ ਹਜ਼ਰਤ ਬੁੱਲ੍ਹੇ ਸ਼ਾਹ ਬਣ ਗਏ। ਬਾਬਾ ਬੁੱਲ੍ਹੇ ਸ਼ਾਹ ਦਾ ਜਨਮ ਪਿੰਡ ਉੱਚ ਸ਼ਰੀਫ਼ ਗੀਲਾਨੀਆਂ, ਜ਼ਿਲ੍ਹਾ ਬਹਾਵਲਪੁਰ, (ਪਾਕਿਸਤਾਨ) ਵਿਖੇ ਸੰਨ 1680 ਈ: ਵਿੱਚ ਪਿਤਾ ਸਖੀ ਮੁਹੰਮਦ ਦਰਵੇਸ਼ ਦੇ ਘਰ ਹੋਇਆ।

ਬੁਲ੍ਹੇ ਸ਼ਾਹ ਆਪਣੇ ਬਚਪਨ ਦੇ ਨਾਮ ਅਬਦੁੱਲਾ ਬਾਰੇ ਆਪਣੀ ਰਚਨਾਵਾਂ ਵਿਚ ਲਿਖਦੇ ਹਨ

**ਹੁਣ ਇਨਾ ਅੱਲਾਹੁ ਆਖ ਕੇ ਤੁਮ ਕਰੋ ਨਿਗਾਹੀਂ।**
**ਪੀਆ ਹੀ ਸਭ ਕੁਝ ਹੋ ਗਿਆ, 'ਅਬਦੁੱਲਾ' ਨਾਹੀਂ।**

ਬੁਲ੍ਹੇ ਸ਼ਾਹ ਦੇ ਜਨਮ ਤੋਂ ਕੁਝ ਮਹੀਨੇ ਬਾਅਦ ਪਿਤਾ ਸਖੀ ਮੁਹੰਮਦ ਦਰਵੇਸ਼ ਪਰਿਵਾਰ ਸਮੇਤ ਪਿੰਡ ਪਾਂਡੂਕੇ, ਤਹਿਸੀਲ ਕਸੂਰ, ਜ਼ਿਲ੍ਹਾ ਲਾਹੌਰ ਵਿਖੇ ਆਣ ਵਸੇ। ਕਸੂਰ ਅੱਜ ਕੱਲ੍ਹ ਲਹਿੰਦੇ ਪੰਜਾਬ (ਪਾਕਿਸਤਾਨ) ਦਾ ਜ਼ਿਲ੍ਹਾ ਬਣ ਚੁੱਕਿਆ ਹੈ। ਬੁਲ੍ਹੇ ਸ਼ਾਹ ਦੇ ਪਿਤਾ ਸਖੀ ਮੁਹੰਮਦ ਦਰਵੇਸ਼ ਆਪਣੇ ਸਮੇਂ ਦੀ ਉੱਚ ਪਾਏ ਦੀ ਅਧਿਆਤਮਕ ਸ਼ਖ਼ਸ਼ੀਅਤ ਅਤੇ ਧਾਰਮਿਕ ਕੱਟੜਤਾ ਦੇ ਵਿਰੋਧੀ ਸਨ। ਇਹਨਾਂ ਨੇ ਪਿੰਡ ਪਾਂਡੂਕੇ ਵਿਖੇ ਮੌਲਵੀ ਵਜੋਂ ਬੱਚਿਆਂ ਨੂੰ ਪੜ੍ਹਾਉਣ ਦਾ ਸਿਲਸਿਲਾ ਸ਼ੁਰੂ ਕੀਤਾ ਅਤੇ ਆਪ ਸਮਾਜ ਵਿਚ ਉੱਚ ਦਰਜੇ ਦੀ ਸਨਮਾਨਿਤ ਸਖਸ਼ੀਅਤ ਸਨ। ਬੁਲ੍ਹੇ ਸ਼ਾਹ ਨੇ ਵੀ ਮੁੱਢਲੀ ਸਿੱਖਿਆ ਆਪਣੇ ਪਿਤਾ ਮੁਹੰਮਦ ਦਰਵੇਸ਼ ਤੋਂ ਹੀ ਹਾਸਿਲ ਕੀਤੀ ਸੀ। ਬੁਲ੍ਹੇ ਸ਼ਾਹ ਦੇ ਜ਼ਮਾਨੇ ਵਿੱਚ ਸਮਾਜ ਪੂਰੀ ਤਰ੍ਹਾਂ ਊਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਵਿੱਚ ਜਕੜਿਆ ਹੋਇਆ ਸੀ। ਬੁਲ੍ਹੇ ਸ਼ਾਹ ਦਾ ਪਰਿਵਾਰ 'ਸੱਯਦ' ਖਾਨਦਾਨ ਨਾਲ ਸਬੰਧਿਤ ਸੀ ਜੋ ਕਿ ਮੁਸਲਿਮ ਵਰਗ ਵਿੱਚ ਉੱਚ ਸ਼੍ਰੇਣੀ ਦੀ ਜਾਤ ਮੰਨੀ ਜਾਂਦੀ ਸੀ। ਬੁਲ੍ਹੇ ਸ਼ਾਹ ਦੇ ਭੈਣ ਭਰਾਵਾਂ ਦੀ ਤਫਸੀਲ ਜਾਂ ਜਾਣਕਾਰੀ ਕਿਤੇ ਨਹੀਂ ਮਿਲਦੀ ਪਰ ਮੰਨਿਆ ਜਾਂਦਾ ਹੈ ਕਿ ਇਹ ਕਾਫੀ ਵੱਡਾ ਪਰਿਵਾਰ ਸੀ।


ਭਗਵਾਨ ਸਿੰਘ ਲੁਬਾਣਾ
ਸੰਪਾਦਕ
98155-40240




ਬੁਲ੍ਹੇ ਸ਼ਾਹ ਨੇ ਮੁੱਢਲੀ ਸਿੱਖਿਆ ਆਪਣੇ ਪਿੰਡ ਪਾਂਡੂਕੇ ਵਿਖੇ ਹਾਸਿਲ ਕਰਨ ਉਪ੍ਰੰਤ ਉਚੇਰੀ ਦੁਨਿਆਵੀ ਸਿੱਖਿਆ ਹਾਸਿਲ ਕਰਨ ਹਿੱਤ ਕਸੂਰ ਵਿਖੇ ਆ ਕੇ ਪਹਿਲਾਂ ਮੌਲਵੀ ਗੁਲਾਮ ਮੁਰਤਜ਼ਾ ਤੋਂ ਜ਼ਾਹਰੀ ਤਾਲੀਮ ਪ੍ਰਾਪਤ ਕੀਤੀ। ਬੁਲ੍ਹੇ ਸ਼ਾਹ ਦੇ ਦੂਸਰੇ ਉਸਤਾਦ ਹਜ਼ਰਤ ਮੌਲਾਨਾ ਗੁਲਾਮ ਮਹੱਈਉਦੀਨ, ਕਸੂਰੀ ਸਨ ਅਤੇ ਬੜੇ



ਇਤਫਾਕ ਦੀ ਗੱਲ ਹੈ ਕਿ ਇਸੇ ਉਸਤਾਦ ਦੇ ਪੰਜਾਬ ਦੀ ਮਸ਼ਹੂਰ ਲੋਕ ਗਾਥਾ 'ਹੀਰ ਰਾਂਝਾ' ਦੇ ਕਿੱਸਾਕਾਰ ਵਾਰਿਸ ਸ਼ਾਹ ਵੀ ਸ਼ਗਿਰਦ ਸਨ। ਮੌਲਾਨਾ ਗੁਲਾਮ ਮੁਹੱਈਉਦੀਨ ਤੋਂ ਪੰਜਾਬ ਦੇ ਦੋਵੇਂ ਸ਼ਾਹ ਮਸਲਨ ਬੁਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਨੇ ਕਾਵਿ ਖੇਤਰ ਵਿੱਚ ਅਹਿਮ ਦਰਜਾ ਹਾਸਿਲ ਕਰਕੇ ਆਪਣੇ ਉਸਤਾਦ ਨੂੰ ਵੀ ਅਮਰ ਕਰ ਦਿੱਤਾ। 'ਵਾਰਿਸ ਸ਼ਾਹ' ਆਪਣੀ ਰਚਨਾ ਵਿੱਚ ਵੀ ਆਪਣੇ ਉਸਤਾਦ ਦਾ ਜ਼ਿਕਰ ਇਉਂ ਕਰਦਾ ਹੈ ਕਿ

**''ਵਾਰਿਸ ਸ਼ਾਹ ਵਸਨੀਕ ਜੰਡਿਆਲੇ ਦਾ,**
**ਅਤੇ ਸ਼ਾਗਿਰਦ ਮਖਦੂਮ ਕਸੂਰ ਦਾ ਈ''।**

ਪੁਰਾਣੇ ਸਮਿਆਂ ਵਿੱਚ ਉਸਤਾਦ-ਸ਼ਾਗਿਰਦ ਦਾ ਰਿਸ਼ਤਾ ਇਤਨਾ ਗੂੜ੍ਹਾ ਅਤੇ ਗਹਿਰਾ ਹੁੰਦਾ ਸੀ ਜਿਸ ਦੀ ਬਦੌਲਤ ਕਈ ਆਲਿਮ ਫਾਜ਼ਿਲ ਸਖਸ਼ੀਅਤਾਂ ਪੈਦਾ ਹੋਈਆਂ। ਜਿਨ੍ਹਾਂ 'ਚੋਂ ਬੁਲ੍ਹੇ ਸ਼ਾਹ ਅਤੇ ਵਾਰਿਸ ਸ਼ਾਹ ਸਦਕਾ ਪੰਜਾਬੀ ਜ਼ੁਬਾਨ ਦੀ ਚੜ੍ਹਤ ਹੋਈ ਜਿਸ ਲਈ ਪੰਜਾਬੀ ਸਮਾਜ ਸਦਾ ਇਨ੍ਹਾਂ ਦਾ ਰਿਣੀ ਰਹੇਗਾ।

ਇਸ ਤੋਂ ਅਗਾਂਹ ਬੁਲ੍ਹੇ ਸ਼ਾਹ ਦੀ ਭਰ ਜਵਾਨੀ ਵਿੱਚ ਅਧਿਆਤਮਕ ਅਤੇ ਸਾਹਿਤਕ ਸਫਰ ਦੀ ਸ਼ੁਰੂਆਤ ਹੁੰਦੀ ਹੈ। ਬੁਲ੍ਹੇ ਸ਼ਾਹ ਆਪਣੀ ਮਸਤੀ ਦੇ ਆਲਮ ਵਿੱਚ ਕਸੂਰ ਤੋਂ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੀਆਂ ਗਲੀਆਂ ਵਿੱਚ ਆਣ ਪਹੁੰਚੇ। ਬੁਲ੍ਹੇ ਸ਼ਾਹ ਨੇ ਬਟਾਲੇ ਦੀਆਂ ਗਲੀਆਂ ਵਿੱਚ ਆਪਣੀ ਇਕਾਗਰਤਾ ਭਰੀ ਮਸਤੀ ਅਤੇ ਆਵਾਰਗੀ ਅਵਸਥਾ ਵਿੱਚ ਮਨਸੂਰ ਵਾਂਗ **''ਅਨਲਹੱਕ''** ਮਸਲਨ **'ਮੈਂ ਅਲ੍ਹਾ ਹਾਂ'** ਦੇ ਬੋਲ ਬੋਲਣੇ ਸ਼ੁਰੂ ਕਰ ਦਿੱਤੇ। ਉਸ ਸਮੇਂ ਬਟਾਲੇ ਦੇ ਮੋਢੀ ਸ਼ੇਖ ਫਾਜ਼ਿਲ-ਉ-ਦੀਨ ਦੀ ਜੋ ਕਿ ਦਰਬਾਰ ਫਾਜ਼ਲੀਆ ਦੇ ਸਰਬਰਾਹ ਸਨ, ਕੋਲ ਲੋਕਾਂ ਨੇ ਬੁਲ੍ਹੇ ਸ਼ਾਹ ਵੱਲੋਂ ਬੋਲੇ ਗਏ **'ਅਨਲਹੱਕ'** ਸਬੰਧੀ ਸ਼ਿਕਾਇਤ ਕੀਤੀ। ਸ਼ੇਖ ਸਾਹਿਬ ਨੇ ਬੁਲ੍ਹੇ ਸ਼ਾਹ ਨੂੰ ਦਰਬਾਰ ਵਿੱਚ ਬੁਲਾਇਆ ਅਤੇ ਗੁਫਤਗੂ ਉਪ੍ਰੰਤ ਸੁਘੜ ਸਿਆਣਪ ਨਾਲ ਗੜੁਚ ਸ਼ੇਖ ਫਾਜ਼ਿਲ-ਉ-ਦੀਨ ਨੇ ਲੋਕਾਂ ਨੂੰ ਸਮਝਾਇਆ ਕਿ ਬੁਲ੍ਹਾ ਕਹਿ ਰਿਹਾ ਹੈ ਕਿ 'ਮੈਂ ਅੱਲਾ ਮਸਲਨ ਕੱਚਾ ਜਾਂ ਅਲ੍ਹੜ ਹਾਂ'। ਇਸ ਲਈ ਬੁਲ੍ਹੇ ਸ਼ਾਹ ਨੂੰ ਪਰਪੱਕ ਹੋਣ ਵਾਸਤੇ ਲਾਹੌਰ ਵਿਖੇ ਦਰਵੇਸ਼ ਬਜ਼ੁਰਗ ਸ਼ਾਹ ਇਨਾਇਤ ਕਾਦਰੀ ਕੋਲ ਜਾਣ ਲਈ ਕਿਹਾ ਗਿਆ ਹੈ। ਬੁਲ੍ਹੇ ਸ਼ਾਹ ਨੂੰ ਸ਼ੇਖ ਸਾਹਿਬ ਦੀ ਕਹੀ ਗੱਲ ਸਹੀ ਜਾਪੀ ਅਤੇ ਬੁਲ੍ਹੇ ਸ਼ਾਹ ਸ਼ਾਹ ਇਨਾਇਤ ਕਾਦਰੀ ਨੂੰ ਮਿਲਣ ਲਈ ਬਟਾਲੇ ਤੋਂ ਲਾਹੌਰ ਵਲ ਕੂਚ ਕਰ ਗਏ।

ਸ਼ਾਹ ਇਨਾਇਤ ਕਾਦਰੀ ਸੂਫੀ ਫਿਰਕੇ **'ਸ਼ੱਤਾਰੀ'** ਨਾਲ ਸਬੰਧਿਤ ਕਸੂਰ ਦੇ ਅਰਾਂਈ ਪਰਿਵਾਰ ਵਿੱਚੋਂ ਸੰਤ-ਬਜ਼ੁਰਗ ਸਨ। ਕਸੂਰ ਦੇ ਹਾਕਮ ਹੁਸੈਨ ਖਾਨ ਨਾਲ ਸੂਫੀਆਨਾ ਤਬੀਅਤ ਹੋਣ ਕਰਕੇ ਅਣਬਣ ਹੋ ਜਾਣ

ਕਾਰਨ ਕਸੂਰ ਛੱਡ ਕੇ ਲਾਹੌਰ ਆਣ ਵਸੇ ਸਨ। ਬੁਲ੍ਹੇ ਸ਼ਾਹ ਦੀ ਪਹਿਲੀ ਮੁਲਾਕਾਤ ਜਦ ਸ਼ਾਹ ਇਨਾਇਤ ਕਾਦਰੀ ਨਾਲ ਲਾਹੌਰ ਦੇ ਬਾਗ ਵਿੱਚ ਹੋਈ ਤਾਂ ਉਸ ਵੇਲੇ ਕਾਦਰੀ ਸਾਹਿਬ ਗੰਢਿਆਂ ਦੀ ਪਨੀਰੀ ਲਗਾ ਰਹੇ ਸਨ। ਬੁਲ੍ਹੇ ਸ਼ਾਹ ਨੇ ਤਾਕੀਦ ਕੀਤੀ ਕਿ "ਉਹ ਕਸੂਰ ਦੇ ਰਹਿਣ ਵਾਲੇ ਹਨ ਅਤੇ ਉਥੋਂ ਹੀ ਉਸਤਾਦ ਗੁਲਾਮ ਮਹੱਈਉਦੀਨ ਕਸੂਰੀ ਤੋਂ ਜ਼ਾਹਿਰੀ ਤਾਲੀਮ ਹਾਸਿਲ ਕੀਤੀ ਹੈ। ਬਟਾਲਾ ਦੇ ਫਾਜ਼ਲੀਆ ਦਰਬਾਰ ਦੇ ਮੋਢੀ ਸ਼ੇਖ ਫਾਜ਼ਿਲ-ਉ-ਦੀਨ ਦੀ ਪ੍ਰੇਰਨਾ ਤੇ ਮੈਂ ਆਪ ਪਾਸ ਪਰਪੱਕ ਹੋਣ ਲਈ ਆਇਆ ਹਾਂ। ਮੈਨੂੰ ਰੱਬ ਨੂੰ ਪ੍ਰਾਪਤੀ ਜਾਂ ਉਸ ਨਾਲ ਇਕਮਿਕ ਹੋਣ ਦੀ ਵਿਧੀ ਸਮਝਾਉ।" ਸ਼ਾਹ ਇਨਾਇਤ ਕਾਦਰੀ ਜੋ ਉਸ ਸਮੇਂ ਗੰਢਿਆਂ ਦੀ ਪਨੀਰੀ ਲਗਾ ਰਹੇ ਸਨ, ਨੇ ਇਕ ਗੰਢਾ ਪਨੀਰੀ ਦਾ ਇਕ ਕਿਆਰੇ ਵਿੱਚੋਂ ਪੁਟਿਆ ਅਤੇ ਦੂਸਰੇ ਕਿਆਰੇ ਵਿੱਚ ਲਗਾਉਂਦਿਆਂ ਕਿਹਾ **'ਬੁਲ੍ਹਿਆ ਰੱਬ ਦਾ ਕੀ ਪਾਉਣਾ, ਏਧਰੋਂ ਪੁਟਣਾ ਤੇ ਓਧਰ ਲਾਉਣਾ'।** ਸ਼ਾਹ ਇਨਾਇਤ ਕਾਦਰੀ ਦੀ ਡੂੰਘੀ ਰਮਜ਼ ਅਤੇ ਗੂਹੜੇ ਅਰਥਾਂ ਨੇ ਬੁਲ੍ਹੇ ਸ਼ਾਹ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਗੁਰੂ ਮੰਤਰ ਦਾ ਸਿੱਧਾ ਭੇਦ ਸੀ ਕਿ ਬਾਹਰਲੀ ਮਸਲਨ ਜ਼ਾਹਰੀ ਦੁਨੀਆਂ ਨੂੰ ਛੱਡ ਕੇ ਅੱਲ੍ਹਾ ਨਾਲ ਸੰਪਰਕ ਕਰਨ ਲਈ ਅੰਦਰਲੀ ਅਵਸਥਾ ਨੂੰ ਪਕੜਨਾ। ਬੁਲ੍ਹੇ ਸ਼ਾਹ ਨੇ ਆਪਾ ਸਮਰਪਣ ਕਰਕੇ ਸ਼ਾਹ ਇਨਾਇਤ ਕਾਦਰੀ ਨੂੰ ਆਪਣਾ ਮੁਰਸ਼ਦ ਧਾਰ ਲਿਆ। ਇਥੇ ਇਹ ਵਰਨਣਯੋਗ ਹੈ ਕਿ ਉਸ ਸਮੇਂ ਸਮਾਜ ਉਚ-ਨੀਚ ਅਤੇ ਜਾਤ-ਪਾਤ ਦੇ ਬੰਧਨਾਂ ਵਿੱਚ ਪੂਰੀ ਤਰ੍ਹਾਂ ਜਕੜਿਆ ਹੋਇਆ ਸੀ। ਜਿਵੇਂ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਬੁਲ੍ਹੇ ਸ਼ਾਹ ਮੁਸਲਿਮ 'ਸੱਯਦ' ਖਾਨਦਾਨ ਵਿਚੋਂ ਸਨ, ਜੋ ਕਿ ਮੁਸਲਿਮ ਸਮਾਜ ਵਿਚ ਉੱਚ ਸ਼੍ਰੇਣੀ ਵਰਗ ਮੰਨਿਆਂ ਜਾਂਦਾ ਸੀ। ਸੱਯਦ ਖਾਨਦਾਨ ਜਾਂ ਪਰਿਵਾਰ ਆਪਣੀ ਉੱਚ ਜਾਤੀ ਕਰਕੇ ਸਮਾਜ ਵਿੱਚ ਕਾਫੀ ਹੰਕਾਰੇ ਅਤੇ ਮਗਰੂਰ ਸਨ। ਸੱਯਦ ਆਪਣੇ ਆਪ ਨੂੰ ਹਜ਼ਰਤ ਮੁਹੰਮਦ ਸਾਹਿਬ ਦੀ ਸਿੱਧੀ ਔਲਾਦ ਅਤੇ ਪੈਗੰਬਰ ਸਾਹਿਬ ਨੂੰ ਆਪਣਾ ਪੂਰਵਜ ਸਮਝਦੇ ਸਨ। ਇਸ ਦੇ ਉਲਟ ਬੁਲ੍ਹੇ ਸ਼ਾਹ ਨੇ ਜਿਸ ਇਨਾਇਤ ਸ਼ਾਹ ਕਾਦਰੀ ਨੂੰ ਆਪਣਾ ਮੁਰਸ਼ਦ ਧਾਰਿਆ, ਉਹ ਨੀਵੀਂ ਸ਼੍ਰੇਣੀ ਦੇਅ ਰਾਈਜ ਾਤਨ ਾਲਸ ਬੰਧਰ ੱਖਦੇਸ ਨਅ ਤੇਛ ੋਟਾ-ਮੋਟਾਮ ਾਲੀ, ਖੇਤੀਬਾੜੀ ਦਾ ਕੰਮ ਕਰਕੇ ਆਪਣਾ ਜੀਵਨ ਦਾ ਨਿਰਬਾਹ ਕਰਦੇ ਸਨ। ਕੋਈ ਸੱਯਦ ਕਿਸੇ ਅਰਾਈ ਨਾਲ ਸਬੰਧ ਰਖੇ ਇਹ ਉੱਚ ਸ਼੍ਰੇਣੀ ਵਰਗ ਲਈ ਤੌਹੀਨ ਸਮਝਿਆ ਜਾਂਦਾ ਸੀ। ਇਸ ਕਰਕੇ ਬੁਲ੍ਹੇ ਸ਼ਾਹ ਦੇ ਸੱਯਦ ਪਰਿਵਾਰ ਨੇ ਵੀ ਇਸ ਸ਼ਾਹ ਇਨਾਇਤ ਕਾਦਰੀ ਜੋ ਅਰਾਈ ਸੀ ਨੂੰ ਮੁਰਸ਼ਦ ਧਾਰਨ ਦਾ ਤਿੱਖਾ ਵਿਰੋਧ ਅਤੇ ਵਾਵੇਲਾ ਖੜ੍ਹਾ ਕੀਤਾ। ਬੁਲ੍ਹੇ ਸ਼ਾਹ ਇਸ ਸਮਾਜਿਕ ਵਰਤਾਰੇ ਬਾਰੇ ਲਿਖਦੇ ਹਨ:-

**ਬੁਲ੍ਹੇ ਨੂੰ ਸਮਝਾਵਣ ਆਈਆਂ, ਭੈਣਾਂ ਤੇ ਭਰਜਾਈਆਂ।**
**ਅਲ ਨਬੀ ਔਲਾਦ ਅਲੀ ਦੀ, ਬੁੱਲ੍ਹਿਆ ਤੂੰ ਕੀ ਲੀਕਾਂ ਲਾਈਆਂ।**
**ਮੰਨ ਲੈ ਬੁੱਲ੍ਹਿਆ ਸਾਡਾ ਕਹਿਣਾ, ਛੱਡ ਦੇ ਪੱਲਾ ਰਾਈਆਂ।**

ਜਿਵੇਂ ਦੁਨਿਆਵੀ ਲੋਕ ਦੁਨਿਆਵੀ ਫ਼ਿਜ਼ਾ ਵਿੱਚ ਵਿਚਰਦੇ ਹਨ ਇਵੇਂ ਹੀ ਪੀਰ, ਫਕੀਰ ਜਾਂ ਡੂੰਘੀ ਰਮਜ਼ਾਂ ਵਾਲੇ ਲੋਕਾਂ ਦੀ ਇਕਸੁਰਤਾ ਰੂਹਾਨੀਅਤ ਭਰਪੂਰ ਲੋਕਾਂ ਨਾਲ ਹੀ ਹੁੰਦੀ ਹੈ। ਬੁਲ੍ਹੇ ਸ਼ਾਹ ਨੂੰ ਆਪਣੇ ਮੁਰਸ਼ਦ ਸ਼ਾਹ ਇਨਾਇਤ ਕਾਦਰੀ ਵਿੱਚ ਸੰਪੂਰਨ ਪਰਪੱਕਤਾ ਅਤੇ ਅਧਿਆਤਮਕਤਾ ਪ੍ਰਤੱਖ ਦਿਖਾਈ ਦਿੰਦੀ ਸੀ, ਜਿਸ ਕਰਕੇ ਉਨ੍ਹਾਂ ਨੇ ਸਮਾਜਿਕ ਵਿਰੋਧਤਾ ਦੀ ਕੋਈ ਪ੍ਰਵਾਹ ਨਹੀਂ ਕੀਤੀ। ਬੁਲ੍ਹੇ ਸ਼ਾਹ ਇਸ ਸੰਬੰਧ ਵਿਚ ਲਿਖਦੇ ਹਨ:-

**ਜਿਹੜਾ ਸਾਨੂੰ ਸੱਯਦ ਆਖੇ, ਦੋਜ਼ਖ ਮਿਲੇ ਸਜਾਈਆਂ।**
**ਜਿਹੜਾ ਸਾਨੂੰ ਰਾਈਂ ਆਖੇ, ਬਹਿਸ਼ਤੀ ਪੀਘਾਂ ਪਾਈਆਂ।**
**ਜੇ ਤੂੰ ਲੋੜੇਂ ਬਾਗ ਬਹਾਰਾਂ, ਬੁੱਲ੍ਹਿਆ ਤਾਲਿਬ ਹੋ ਜਾ ਰਾਈਆਂ।**

ਬੁਲ੍ਹੇ ਸ਼ਾਹ ਦਾ ਮੁਰਸ਼ਦ ਸ਼ਾਹ ਇਨਾਇਤ ਆਪਣੇ ਸਮੇਂ ਦਾ ਉਚ ਦਰਜੇ ਦਾ ਸੂਫੀ ਸੰਤ, ਧਾਰਮਿਕ ਕੱਟੜਤਾ ਅਤੇ ਮਜ਼ਬੀ ਦਵੈਤਾ ਦਾ ਵਿਰੋਧੀ ਸੀ। ਇਸ ਤੋਂ ਇਲਾਵਾ ਸ਼ਾਹ ਇਨਾਇਤ ਕਾਦਰੀ ਖੁਲ੍ਹੇ ਖਿਆਲਾਂ ਦਾ ਧਾਰਨੀ, ਆਲਮ ਫਾਜ਼ਿਲ ਅਤੇ ਫ਼ਾਰਸੀ ਦਾ ਵਿਦਵਾਨ ਲੇਖਕ ਸੀ। ਸ਼ਾਹ ਇਨਾਇਤ ਸੂਫ਼ੀ ਵਿਦਵਾਨ ਮੁਹੰਮਦ ਅਲੀ ਰਜ਼ਾ ਸ਼ੱਤਾਰੀ ਦਾ ਸ਼ਾਗਿਰਦ ਅਤੇ ਉਚੀ ਮਸਜਿਦ ਭੱਟੀ ਗੇਟ ਲਾਹੌਰ ਦਾ ਇਮਾਮ ਵੀ ਸੀ। ਸ਼ਾਹ ਇਨਾਇਤ ਨੇ ਫ਼ਾਰਸੀ ਵਿੱਚ ਦਸਤੂਰ-ਅਲ-ਅਮਲ, ਇਸਲਾਹੁਲ ਅਮਲ, ਇਸ਼ਾਰਤੁਲ ਤਾਲਿਬਾਨ ਆਦਿ ਮਸ਼ਹੂਰ ਕਿਤਾਬਾਂ ਲਿਖੀਆਂ ਜੋ ਕਿ ਸੂਫ਼ੀਵਾਦ ਵਿੱਚ ਬਹੁਤ ਪ੍ਰਚੱਲਿਤ ਸਨ। ਸ਼ਾਹ ਇਨਾਇਤ ਕਾਦਰੀ 1728 ਈ: ਵਿੱਚ ਤਕਰੀਬਨ 71 ਸਾਲ ਦੀ ਉਮਰ ਵਿੱਚ ਫੌਤ ਹੋ ਗਏ ਅਤੇ ਇਨ੍ਹਾਂ ਨੂੰ ਕੁਈਨ ਰੋਡ, ਲਾਹੌਰ ਵਿਖੇ ਦਫਨਾਇਆ ਗਿਆ। ਬੁਲ੍ਹੇ ਸ਼ਾਹ ਅਖੀਰਲੇ ਸਮੇਂ ਤੱਕ ਆਪਣੇ ਮੁਰਸ਼ਦ ਹਜ਼ਰਤ ਸ਼ਾਹ ਇਨਾਇਤ ਕਾਦਰੀ ਨਾਲ ਰਹੇ। ਬੁਲ੍ਹੇ ਸ਼ਾਹ ਨੂੰ ਆਪਣੇ ਮੁਰਸ਼ਦ ਤੇ ਪੂਰਨ ਭਰੋਸਾ ਸੀ ਅਤੇ ਮੁਰਸ਼ਦ ਦੀ ਸਿਫਤ ਸਲਾਹ ਵਿੱਚ ਬੁਲ੍ਹੇ ਸ਼ਾਹ ਲਿਖਦੇ ਹਨ:-

**ਬੁੱਲ੍ਹਾ ਸ਼ਹੁ ਦੀ ਸੁਣੋ ਹਕਾਇਤ, ਹਾਦੀ ਪਕੜਿਆ ਹੋਗ ਹਦਾਇਤ।**
**ਸਬ ਗੁਨਾਹ ਥੀਂ ਹੋਗ ਅਨਾਇਤ, ਫਿਰ ਬਾਕੀ ਕਿਆ ਗੁਫ਼ਤਾਰ।**
**ਕੈਸੀ ਤੋਬਾ ਹੈ ਇਹ ਤੋਬਾ ਨਾ ਕਰ ਯਾਰ।**

*

**ਜਿਸ ਢੂੰਡ ਪਾਇਆ, ਨਾਹੀਂ ਝੁਰ ਝੁਰ ਹੋਇਆ ਮੋਰ।**
**ਪੀਰ ਪੀਰਾਂ ਬਗ਼ਦਾਦ ਅਸਾਡਾ, ਮੁਰਸ਼ਦ ਤਖ਼ਤ ਲਾਹੌਰ।**
**ਸਾਧੋ ਕਿਸ ਨੂੰ ਕੂਕ ਸੁਣਾਵਾਂ, ਮੇਰੀ ਬੁੱਕਲ ਦੇ ਵਿੱਚ ਚੋਰ।**

*

**ਸਾਈਂ ਦੇ ਬਿਨ ਜਾਹ ਨਾ ਕੋਈ।**
**ਜਿਤ ਵੱਲ ਦੇਖਾਂ ਓਹੀ ਓਹੀ।**
**ਹੋਰ ਕਿਤੇ ਵਲ ਮਿਲੇ ਨਾ ਢੋਈ।**
**ਮੁਰਸ਼ਦ ਪਾਰ ਲੰਘਾਵੇ।**
**ਸ਼ਾਹ ਅਨਾਇਤ ਮੁਰਸ਼ਦ ਮੇਰਾ,**
**ਜਿਸ ਨੇ ਕੀਤਾ ਮੈਂ ਦਿਲ ਡੇਰਾ।**
**ਮੁੱਕ ਗਿਆ ਸਭ ਝਗੜਾ ਝੇੜਾ।**

*

**ਬੁੱਲ੍ਹਾ ਮੇਹਰ ਅਨਾਇਤ ਕਰੇ ਹਜ਼ਾਰ, ਇਹੋ ਕੌਲ ਇਹੋ ਇਕਰਾਰ।**
**ਦਿਲ ਪਰਦੇ ਵਿੱਚ ਪਾਇਆ ਯਾਰ, ਆਪੇ ਮੇਲ ਮਿਲਾਇਆ ਯਾਰ।**

*

**ਬੁੱਲ੍ਹਾ ਸ਼ੌਹ ਅਨਾਇਤ ਆਰਫ਼ ਹੈ, ਉਹ ਮੇਰੇ ਦਿਲ ਦਾ ਵਾਰਸ ਹੈ।**
**ਮੈਂ ਲੋਹਾ ਤੇ ਉਹ ਪਾਰਸ ਹੈ, ਤੁਸੀਂ ਓਸੇ ਦਾ ਸੰਗ ਖੱਸਦੇ ਹੋ।**
**ਕੀਹਨੂੰ ਲਾ-ਮਕਾਨੀ ਦੱਸਦੇ ਹੋ, ਤੁਸੀਂ ਹਰ ਰੰਗ ਦੇ ਵਿੱਚ ਵੱਸਦੇ ਹੋ।**

(ਚੱਲਦਾ)

# ਗੁਰੂ ਹਰਿਗੋਬਿੰਦ ਸਾਹਿਬ ਜੀ : ਜੀਵਨ-ਝਾਤ

ਸ. ਗੁਰਦੀਪ ਸਿੰਘ



ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਰੂਪਮਾਨ ਕਰਨਾ ਅਸੰਭਵ ਹੈ। ਉਨ੍ਹਾਂ ਦੀ ਸਮੁੱਚੀ ਸ਼ਖ਼ਸੀਅਤ ਨੂੰ ਰੂਪਮਾਨ ਨਹੀਂ ਕੀਤਾ ਜਾ ਸਕਦਾ। ਇਸ ਦਾ ਥੋੜ੍ਹਾ ਜਿਹਾ ਅਨੁਭਵ ਹੀ ਹੋ ਸਕਦਾ ਹੈ। ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਿਆ ਹੈ:

**ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।**
**ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ।**
**ਚਲੀ ਪੀੜੀ ਸੋਢੀਆ ਰੂਪੁ ਦਿਖਾਵਣਿ ਵਾਰੋ ਵਾਰੀ।**
**ਦਲਿਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।**

**''ਪੰਜਿ ਪਿਆਲੇ'' ਤੋਂ ਭਾਵ ਹੈ ਪੰਜ ਸ਼ੁਭ ਗੁਣ:** ਸਤਿ, ਸੰਤੋਖ, ਦਇਆ, ਧਰਮ ਤੇ ਧੀਰਜ।

**''ਪੰਜਿ ਪੀਰ'' ਦੇ ਅਰਥ ਹਨ :** ਗੁਰੂ ਨਾਨਕ ਸਾਹਿਬ ਤੋਂ ਗੁਰੂ ਅਰਜਨ ਦੇਵ ਜੀ ਤਕ ਹੋਏ ਪੰਜ ਸਿੱਖ ਗੁਰੂ ਸਾਹਿਬਾਨ।

''ਦਲਿਭੰਜਨ, ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ'' ਭਾਵ ਗੁਰੂ ਹਰਿਗੋਬਿੰਦ ਸਾਹਿਬ ਸਿਫ਼ਤਾਂ ਤੇ ਵਿਸ਼ੇਸ਼ਤਾਵਾਂ ਦੇ ਪ੍ਰਤੀਕ ਹਨ।

''ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ'' ਤੋਂ ਭਾਵ ਹੈ ਕਿ ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਪਾਵਨ ਜੋਤਿ ਦੇ ਸਰੂਪ ਸਨ। ਸਰੀਰਾਂ ਵਿਚ ਹੀ ਭੇਦ ਸੀ, ਜੋਤਿ ਇਕੋ ਸੀ।

**ਸੰਸਾਰ ਵਿਚ ਸਦਾ ਦੋ ਗੁਣਾਂ ਦੀ ਪੂਜਾ ਹੁੰਦੀ ਆਈ ਹੈ:** ਸਿਮਰਨ ਤੇ ਰਾਜਸੀ ਤਾਕਤ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਣ ਨੂੰ ਸਿਖਰ 'ਤੇ ਪਹੁੰਚਾ ਦਿੱਤਾ ਸੀ। ਤੱਤੀ ਲੋਹ 'ਤੇ ਬਹਿ ਕੇ ਵੀ ਸ਼ਾਂਤ ਰਹਿਣਾ ਤੇ ਸਿਮਰਨ ਕਰਨਾ, ਇਹ ਸਿਮਰਨ ਦੀ ਸਿਖਰਲੀ ਹੱਦ ਸੀ। ਇਸ ਕੁਰਬਾਨੀ ਦਾ ਸਭ 'ਤੇ ਬਹੁਤ ਅਸਰ ਪਿਆ। ਦੂਸਰਾ ਗੁਣ ਰਾਜ-ਬਲ ਸੀ। ਪਹਿਲੇ ਗੁਣ ਦੇ ਕਾਰਨ ਗੁਰੂ ਸਾਹਿਬਾਨ ਦਾ ਬਹੁਤ ਸਤਿਕਾਰ ਸੀ ਤੇ ਦੂਸਰੀ ਸ਼ਕਤੀ ਦੇ ਕਾਰਨ ਜਨਤਾ ਮੁਗ਼ਲਾਂ ਦੀ ਸਰਕਾਰ ਅੱਗੇ ਝੁਕਦੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਚਾਹੁੰਦੇ ਸਨ ਕਿ ਸਿੱਖ ਦੂਸਰੇ ਮਨੁੱਖ ਸਾਹਮਣੇ ਅਕਾਰਨ ਹੀ ਝੁਕਣ ਵਾਲਾ ਸੁਭਾਉ ਬਦਲ ਲੈਣ। ਇਸ ਵਾਸਤੇ ਉਨ੍ਹਾਂ ਨੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨੂੰ ਧਾਰਮਿਕ ਵਿੱਦਿਆ ਦੇ ਨਾਲ-ਨਾਲ ਸ਼ਸਤਰ ਵਿੱਦਿਆ ਦਾ ਅਭਿਆਸ ਵੀ ਕਰਨ ਲਈ ਕਿਹਾ।

ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ੨੧ ਹਾੜ ਸੰਮਤ ਨਾਨਕਸ਼ਾਹੀ ੧੨੭ (੧੯ ਜੂਨ ੧੫੯੫) ਮੁਤਾਬਕ ਹਾੜ ਵਦੀ ੭, ੨੧ ਹਾੜ ਸੰਮਤ ੧੬੫੨ ਬਿ. ਨੂੰ ਨਗਰ ਵਡਾਲੀ ਵਿਖੇ ਪ੍ਰਗਟ ਹੋਏ। ਇਸ ਕਰਕੇ ਉਸ ਨਗਰ ਨੂੰ ਗੁਰੂ ਕੀ ਵਡਾਲੀ ਕਿਹਾ ਜਾਂਦਾ ਹੈ।

ਜਦੋਂ ਗੁਰੂ ਅਰਜਨ ਦੇਵ ਜੀ ਲਾਹੌਰ ਜਾਣ ਲੱਗੇ, ਉਨ੍ਹਾਂ ਨੇ ਸੰਗਤ ਵਿਚ ਐਲਾਨ ਕਰ ਦਿੱਤਾ ਸੀ ਕਿ ਉਨ੍ਹਾਂ ਪਿੱਛੋਂ ਗੁਰਿਆਈ ਦਾ, ਗੱਦੀ ਦਾ ਮਾਲਕ ਸਾਹਿਬਜ਼ਾਦਾ ਹਰਿਗੋਬਿੰਦ ਹੈ। ਸੋ ੨੮ ਜੇਠ ਸੰਮਤ ਨਾਨਕਸ਼ਾਹੀ ੧੩੮ (੨੫ ਮਈ ੧੬੦੬ ਈ. ਐਤਵਾਰ ਜੇਠ ਵਦੀ ੧੪ ਮਿਤੀ ੨੮ ਜੇਠ ਸੰਮਤ ੧੬੬੩ ਬਿ:) ਨੂੰ ਬਾਬਾ ਬੁੱਢਾ ਜੀ ਨੇ ਸ੍ਰੀ ਹਰਿਗੋਬਿੰਦ ਜੀ ਨੂੰ ਗੱਦੀ 'ਤੇ ਬਿਠਾ ਕੇ ਗੁਰਿਆਈ ਦੀ ਰਸਮ ਅਦਾ ਕੀਤੀ। ਉਸ ਵੇਲੇ ਗੁਰੂ ਹਰਿਗੋਬਿੰਦ ਜੀ ਦੀ ਉਮਰ ੧੦ ਸਾਲ, ੧੦ ਮਹੀਨੇ ਦੇ ਕਰੀਬ ਸੀ। ਗੁਰਿਆਈ ਦੀ ਗੱਦੀ 'ਤੇ ਬੈਠਣ ਲੱਗਿਆਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਬੁੱਢਾ ਜੀ ਨੂੰ ਦੋ ਤਲਵਾਰਾਂ ਪੇਸ਼ ਕਰਨ ਲਈ ਕਿਹਾ। ਇਕ ਸੱਜੇ ਪਾਸੇ ਪਹਿਨੀ ਤੇ ਦੂਜੀ ਖੱਬੇ ਪਾਸੇ। ਉਨ੍ਹਾਂ ਫ਼ੁਰਮਾਇਆ ਕਿ ਅਸੀਂ ਇਹ ਦੋ ਤਲਵਾਰਾਂ ਗੁਰੂ ਅਰਜਨ ਦੇਵ ਜੀ ਦੀ ਆਗਿਆ ਅਨੁਸਾਰ ਹੀ ਪਹਿਨੀਆਂ ਹਨ ਜਿਨ੍ਹਾਂ ਵਿਚ ਇਕ ਮੀਰੀ ਦੀ ਪ੍ਰਤੀਕ ਹੈ ਤੇ ਦੂਜੀ ਪੀਰੀ ਦੀ। ਇਸ ਦਾ ਵਰਣਨ ਢਾਡੀ ਅਬਦੁਲਾ ਨੇ ਇਸ ਤਰ੍ਹਾਂ ਕੀਤਾ ਹੈ:

**ਦੋ ਤਲਵਾਰਾਂ ਬੱਧੀਆਂ, ਇਕ ਮੀਰੀ ਦੀ ਇਕ ਪੀਰੀ ਦੀ।**
**ਇਕ ਅਜ਼ਮਤ ਦੀ, ਇਕ ਰਾਜ ਦੀ, ਇਕ ਰਾਖੀ ਕਰੇ ਵਜ਼ੀਰੀ ਦੀ।**

ਗੁਰੂ-ਘਰ ਵਿਚ ਇਹ ਦੋਵੇਂ ਸ਼ਕਤੀਆਂ ਸੰਤ-ਬਲ ਤੇ ਰਾਜ-ਬਲ ਇਕੱਠੇ ਕੰਮ ਕਰਨਗੇ। ਚੰਗਾ ਸੰਤ ਹੀ ਚੰਗਾ ਸਿਪਾਹੀ ਹੋ ਸਕਦਾ ਹੈ ਤੇ ਚੰਗਾ ਸਿਪਾਹੀ ਹੀ ਚੰਗਾ ਸੰਤ। ਇਨ੍ਹਾਂ ਤੋਂ ਪਹਿਲਾਂ ਦੋਹਾਂ ਨੂੰ ਇਕੱਠਿਆਂ ਕਰਨ ਦਾ ਕਿਸੇ ਨੇ ਵੀ ਯਤਨ ਨਹੀਂ ਸੀ ਕੀਤਾ ਸਗੋਂ ਇਸ ਦਾ ਵਿਰੋਧ ਕਰਦਿਆਂ ਦੋਹਾਂ ਗੁਣਾਂ ਨੂੰ ਵੱਖ-ਵੱਖ ਰੱਖਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਦਾ ਵਿਚਾਰ ਸੀ ਕਿ ਸਿਮਰਨ ਤੇ ਤਲਵਾਰ ਇਕੱਠੀਆਂ ਨਹੀਂ ਰਹਿ ਸਕਦੀਆਂ। ਗੁਰੂ ਸਾਹਿਬ

ਨੇ ਫ਼ੁਰਮਾਇਆ ਕਿ ਅੱਜ ਤੋਂ ਸਿੱਖ ਸ਼ਸਤਰ ਵੀ ਪਹਿਨਿਆ ਕਰਨ, ਸਿਮਰਨ ਦੇਨ ਾਲਸ਼ ਸਤਰਅ ਭਿਆਸਵ ਿਕ ਰਨ।ਅ ੱਗੋਂਤ ੋਂਸ ਾਡਾਧ ਰਮਤੇ ਰਾਜਨੀਤੀ ਇੱਕ ਹੋਣਗੇ ਪਰ ਇੱਕ ਸ਼ਕਤੀ ਦੂਸਰੇ ਦੇ ਅਧੀਨ ਨਹੀਂ ਹੋਵੇਗੀ ਸਗੋਂ ਦੋਵੇਂ ਆਪਣੀ-ਆਪਣੀ ਥਾਂ ਸੰਭਾਲਦੀਆਂ ਮਿਲ ਕੇ ਚੱਲਣਗੀਆਂ। ਇਸ ਤਰ੍ਹਾਂ ਗੁਰੂ ਸਾਹਿਬ ਨੇ ਸੰਸਾਰ ਨੂੰ ਨਵਾਂ ਸਿਧਾਂਤ ਦਿੱਤਾ ਕਿ ਧਰਮ ਤੇ ਰਾਜਨੀਤੀ ਮਿਲ ਕੇ ਚੱਲਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਗੱਦੀ ਨੂੰ ਪਾਤਸ਼ਾਹੀ ਤਖ਼ਤ ਦਾ ਰੂਪ ਦੇ ਦਿੱਤਾ। ਆਪ ਪੰਜ ਸ਼ਸਤਰ ਪਹਿਨ ਕੇ ਸੀਸ ਉੱਪਰ ਕਲਗੀ ਸਜਾ ਕੇ ਗੁਰ-ਗੱਦੀ ਉੱਪਰ ਬੈਠਦੇ। ਜੋ ਸਿੱਖ ਸ਼ਸਤਰ ਜਾਂ ਘੋੜਾ ਭੇਟ ਕਰਦਾ, ਮਹਾਰਾਜ ਉਸ ਉੱਤੇ ਬਹੁਤ ਪ੍ਰਸੰਨ ਹੁੰਦੇ ਤੇ ਸਿਮਰਨ ਦੇ ਨਾਲ-ਨਾਲ ਅੰਦਰ ਸ਼ਕਤੀ ਪੈਦਾ ਕਰਨ ਦੀ ਪ੍ਰੇਰਨਾ ਦਿੰਦੇ। ਇਸ ਤੋਂ ਬਾਅਦ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੀ ਰਚਨਾ ਕੀਤੀ। ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਦੋਹਾਂ ਦਾ ਆਪਣਾ-ਆਪਣਾ ਮਹੱਤਵ ਹੈ। ਹਰਿਮੰਦਰ ਸਾਹਿਬ ਸਿੱਖੀ ਦਾ ਧਾਰਮਿਕ ਚਿੰਨ੍ਹ ਹੈ ਤਾਂ ਅਕਾਲ ਤਖ਼ਤ ਸਾਹਿਬ ਰਾਜਨੀਤੀ ਦਾ ਪ੍ਰਤੱਖ ਪ੍ਰਮਾਣ। ਇਸ ਤਰ੍ਹਾਂ ਸਿੱਖ ਧਰਮ ਦੇ ਕੇਂਦਰੀ ਧਰਮ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਹੀ ਰਾਜ-ਸ਼ਕਤੀ ਦਾ ਪ੍ਰਤੀਕ, ਜੁਗੋ-ਜੁਗ ਅਟੱਲ, ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਪੰਥ ਨੂੰ ਬਖ਼ਸ਼ ਦਿੱਤਾ। ਅਕਾਲ ਤਖ਼ਤ ਸਾਹਿਬ ਦੇ ਕੇਸਰੀ ਨਿਸ਼ਾਨ ਸਾਹਿਬ, ਜਿਵੇਂ ਸੁਚੇਤ ਪਹਿਰੇਦਾਰ ਖੜ੍ਹੇ ਹੋਣ।

ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਬਿਧੀ ਚੰਦ ਵਰਗੇ ਸੂਰਮਿਆਂ ਦੀ ਨਿਗਰਾਨੀ ਹੇਠ ਗੱਭਰੂਆਂ ਦੀ ਸਿਖਲਾਈ ਦਾ ਪ੍ਰਬੰਧ ਕੀਤਾ। ਇਸ ਤਰ੍ਹਾਂ ਸਿੱਖ ਫ਼ੌਜ ਦੀ ਨੀਂਹ ਰੱਖੀ।

**ਸੱਚਾ ਪਾਤਸ਼ਾਹ** : ਦਿੱਲੀ ਵਿਖੇ ਇਕ ਘਾਹੀ ਸਾਰੀ ਦਿਹਾੜੀ ਦੀ ਕਮਾਈ ਇਕ ਟਕਾ ਅਤੇ ਗੁਰੂ ਦੇ ਘੋੜਿਆਂ ਲਈ ਘਾਹ ਦੀ ਪੰਡ ਲਿਆਇਆ। ਦੋ ਕੈਂਪ ਲੱਗੇ ਦੇਖ ਕੇ ਭੁਲੇਖੇ ਨਾਲ ਜਹਾਂਗੀਰ ਦੇ ਕੈਂਪ ਚਲਾ ਗਿਆ। ਚੋਬਦਾਰ ਨੇ ਰੋਕਿਆ ਪਰ ਮੁਸਾਹਿਬਾਂ ਨੇ ਕੋਈ ਫ਼ਰਿਆਦੀ ਸਮਝ ਅੰਦਰ ਜਾਣ ਦਿੱਤਾ। ਘਾਹੀ ਨੇ ਜਾਂਦਿਆਂ ਟਕਾ ਅੱਗੇ ਰੱਖਿਆ ਤੇ ਘਾਹ ਦੀ ਪੰਡ ਸਵੀਕਾਰ ਕਰਨ ਲਈ ਕਿਹਾ ਤੇ ਫਿਰ ਅਰਜੋਈ ਕੀਤੀ ਕਿ ਇਥੇ ਉਥੇ ਸਹਾਇਤਾ ਕਰਨੀ। ਜਹਾਂਗੀਰ ਨੇ ਜਾਗੀਰ ਲਿਖਾਉਣ ਦੀ ਗੱਲ ਕਹੀ ਤਾਂ ਘਾਹੀ ਨੂੰ ਮਹਿਸੂਸ ਹੋਇਆ ਕਿ ਉਹ ਤਾਂ ਗ਼ਲਤ ਜਗ੍ਹਾ 'ਤੇ ਆ ਗਿਆ ਹੈ। ਟਕਾ ਉਠਾ ਕੇ ਘਾਹ ਦੀ ਪੰਡ ਚੁੱਕ ਕੇ ਨਾਲ ਦੇ ਕੈਂਪ ਵਿਚ ਆਇਆ ਤੇ ਸ਼ਰਧਾ ਨਾਲ ਗੁਰੂ-ਚਰਨਾਂ ਨੂੰ ਪਕੜ ਕੇ ਰੋ-ਰੋ ਕੇ ਖ਼ਿਮਾ ਮੰਗਣ ਲੱਗਾ ਕਿ ਸੱਚੇ ਪਾਤਸ਼ਾਹ! ਗ਼ਲਤ ਦਰ 'ਤੇ ਚਲਾ ਗਿਆ ਸੀ। ਜਹਾਂਗੀਰ ਉੱਤੇ ਇਸ ਘਟਨਾ ਦਾ ਡੂੰਘਾ ਅਸਰ ਪਿਆ।

ਪੰਜਾਬ ਦੇ ਲੋਕਾਂ ਵਿਚ ਗੁਰੂ ਸਾਹਿਬ ਦਾ ਅਸਰ ਵਧਦਾ ਮਹਿਸੂਸ ਕਰਦਿਆਂ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਨਜ਼ਰਬੰਦੀ ਦੌਰਾਨ ਮਹਾਰਾਜ ਨੂੰ ਜੋ ਰਕਮ ਮਿਲਦੀ ਉਹ ਹੋਰ ਕੈਦੀਆਂ (ਜਿਨ੍ਹਾਂ ਵਿਚ ਕਈ ਰਾਜੇ ਵੀ ਸਨ, ਜੋ ਨਰਕ ਵਾਲਾ ਜੀਵਨ ਬਤੀਤ ਕਰ ਰਹੇ ਸਨ) 'ਤੇ ਖਰਚ ਕਰ ਦਿੰਦੇ ਸਨ। ਗੁਰਦੇਵ ਦੇ ਜਾਣ ਨਾਲ ਸਾਰਾ ਵਾਤਾਵਰਨ ਹੀ ਬਦਲ ਗਿਆ। ਸਾਈਂ ਮੀਆਂ ਮੀਰ ਜੀ ਜੋ ਕਿ ਹਜ਼ਰਤ ਮੁਹੰਮਦ ਸਾਹਿਬ ਦੇ ਖਲੀਫ਼ਾ 'ਉਮਰ'



ਦੀ ਅੰਸ ਵਿੱਚੋਂ ਸਨ, ਮੁਸਲਮਾਨਾਂ ਵਿਚ ਉਨ੍ਹਾਂ ਦਾ ਬਹੁਤ ਅਸਰ-ਰਸੂਖ ਸੀ। ਉਨ੍ਹਾਂ ਦਾ ਗੁਰੂ ਹਰਿਗੋਬਿੰਦ ਸਾਹਿਬ ਨੂੰ ਨਜ਼ਰਬੰਦੀ ਤੋਂ ਰਿਹਾਅ ਕਰਵਾਉਣ ਵਿਚ ਵੱਡਾ ਹੱਥ ਸੀ। ਜਦ ਵਜ਼ੀਰ ਖਾਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਿਹਾਈ ਦਾ ਹੁਕਮ ਲੈ ਕੇ ਗਵਾਲੀਅਰ ਪੁੱਜਾ ਤਾਂ ਗੁਰੂ ਸਾਹਿਬ ਨੇ ਰਾਜਿਆਂ ਦੀ ਬੇਨਤੀ ਪ੍ਰਵਾਨ ਕਰਦੇ ਹੋਏ ਇਕੱਲਿਆਂ ਰਿਹਾਅ ਹੋਣ ਤੋਂ ਇਨਕਾਰ ਕਰ ਦਿੱਤਾ। ਬਾਦਸ਼ਾਹ ਨੇ ਗੁਰੂ ਸਾਹਿਬ ਦੀ ਜ਼ਮਾਨਤ ਉੱਪਰ ਸਭ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਸੋ ਗੁਰੂ ਜੀ ਨੇ ਬਵੰਜਾ ਕਲੀਆਂ ਵਾਲਾ ਖੁੱਲ੍ਹਾ ਚੋਗਾ ਬਣਵਾਇਆ ਤੇ ਉਸ ਦੀ ਇਕ-ਇਕ ਕਲੀ ਉਨ੍ਹਾਂ ਬਵੰਜਾ ਰਾਜਿਆਂ ਦੇ ਹੱਥ ਫੜਾ ਕੇ ਸਭ ਨੂੰ ਲੈ ਕੇ ਹੀ ਕਿਲ੍ਹੇ ਤੋਂ ਬਾਹਰ ਆਏ। ਇਸ ਉਪਕਾਰ ਦਾ ਸਦਕਾ ਲੋਕ ਗੁਰੂ ਮਹਾਰਾਜ ਨੂੰ ਬੰਦੀਛੋੜ ਕਹਿਣ ਲੱਗ ਪਏ।

ਬਾਦਸ਼ਾਹ ਨੇ ਚੰਦੂ ਨੂੰ ਮੁਜ਼ਰਮ ਦੀ ਹੈਸੀਅਤ ਵਿਚ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਗੁਰੂ ਜੀ ਲਾਹੌਰ ਪਹੁੰਚੇ। ਸਿੱਖਾਂ ਦੇ ਦਿਲਾਂ ਵਿਚ ਚੰਦੂ ਵਿਰੁੱਧ ਬਹੁਤ ਗੁੱਸਾ ਸੀ। ਸੋ ਸਿੱਖਾਂ ਨੇ ਚੰਦੂ ਨੂੰ ਬੁਰੀ ਹਾਲਤ 'ਚ ਸਾਰੇ ਸ਼ਹਿਰ ਵਿਚ ਫੇਰਿਆ। ਜਦੋਂ ਚੰਦੂ ਉਸ ਭਠਿਆਰੇ ਸਾਹਮਣੇ ਗਿਆ, ਜਿਸ ਨੂੰ ਕਦੇ ਚੰਦੂ ਨੇ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ ਸੀਸ ਵਿਚ ਸੜਦੀ ਰੇਤ ਪਾਉਣ ਵਾਸਤੇ ਮਜਬੂਰ ਕੀਤਾ ਸੀ ਤਾਂ ਭਠਿਆਰਾ ਆਪਣੇ ਕ੍ਰੋਧ 'ਤੇ ਕਾਬੂ ਨਾ ਪਾ ਸਕਿਆ। ਉਸ ਨੇ ਉਹੀ ਕੜਛਾ (ਜਿਸ ਨਾਲ ਗੁਰੂ ਸਾਹਿਬ 'ਤੇ ਰੇਤ ਪਾਈ ਸੀ) ਚੰਦੂ ਦੇ ਸਿਰ ਉੱਤੇ ਇੰਨੇ ਜ਼ੋਰ ਨਾਲ ਮਾਰਿਆ ਕਿ ਚੰਦੂ ਦੀ ਮੌਤ ਹੋ ਗਈ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ੧੬੬੩ ਤੋਂ ੧੬੬੫ ਬਿ., ਕਿਲ੍ਹਾ ਲੋਹਗੜ੍ਹ, ਲਾਹੌਰ ਵਿਚ ਪੰਜਵੇਂ ਗੁਰੂ ਜੀ ਦਾ ਸ਼ਹੀਦੀ ਅਸਥਾਨ



ਡੇਹਰਾ ਸਾਹਿਬ ੧੬੭੦ ਵਿਚ, ਹਰਿਗੋਬਿੰਦਪੁਰਾ ੧੯ ਅੱਸੂ ੧੬੭੭ ਵਿਚ ਅਤੇ ਕੀਰਤਪੁਰ ੧੬੮੩ ਵਿਚ ਪਹਾੜੀਆਂ ਦੇ ਨੇੜੇ ਵਸਾਇਆ।

ਗੁਜਰਾਤ ਵਿਚ ਪੀਰ ਸ਼ਾਹ ਦੌਲਾ ਨਾਲ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਮੁਲਾਕਾਤ ਹੋਈ। ਗੁਰੂ ਸਾਹਿਬ ਦਾ ਠਾਠ ਦੇਖ ਕੇ ਉਸ ਨੇ ਚਾਰ ਸਵਾਲ ਕੀਤੇ:

**ਔਰਤ ਕੀ ਤੇ ਫ਼ਕੀਰੀ ਕੀ? ਹਿੰਦੂ ਕੀ ਤੇ ਪੀਰੀ ਕੀ?**

**ਪੁੱਤਰ ਕੀ ਤੇ ਵੈਰਾਗ ਕੀ? ਦੌਲਤ ਕੀ ਤੇ ਤਿਆਗ ਕੀ?**

ਗੁਰੂ ਸਾਹਿਬ ਨੇ ਉੱਤਰ ਦਿੱਤਾ:

**ਔਰਤ ਈਮਾਨ ਹੈ। ਪੁੱਤਰ ਨਿਸ਼ਾਨ ਹੈ।**

**ਦੌਲਤ ਗੁਜ਼ਰਾਨ ਹੈ। ਫ਼ਕੀਰ ਨਾ ਹਿੰਦੂ ਨਾ ਮੁਸਲਮਾਨ ਹੈ।**

ਕਾਬਲ ਤੇ ਪਿਸ਼ਾਵਰ ਦੀ ਸੰਗਤ ਦੇ ਨਾਲ ਇਲਾਕੇ ਦੇ ਮਸੰਦ ਭਾਈ ਤਾਰਾ ਚੰਦ ਤੇ ਬਖਤ ਮੱਲ ਗੁਰੂ ਮਹਾਰਾਜ ਵਾਸਤੇ ਦੋ ਸੁੰਦਰ ਘੋੜੇ ਲਿਆ ਰਹੇ ਸਨ ਤਾਂ ਉਥੋਂ ਦੇ ਹਾਕਮ ਨੇ ਜ਼ਬਰਦਸਤੀ ਘੋੜੇ ਖੋਹ ਕੇ ਅਸਤਬਲ ਵਿਚ ਦਾਖਲ ਕਰ ਲਏ। ਗੁਰੂ ਸਾਹਿਬ ਕੋਲ ਫ਼ਰਿਆਦ ਪਹੁੰਚੀ ਤਾਂ ਉਨ੍ਹਾਂ ਬਿਧੀ ਚੰਦ ਨੂੰ ਭੇਜਿਆ। ਉਹ ਘੋੜੇ ਲੈ ਆਇਆ ਤਾਂ ਉਨ੍ਹਾਂ ਮਗਰ ਵੀਹ ਹਜ਼ਾਰ ਫੌਜ ਚੜ੍ਹਾ ਭੇਜੀ। ਸੰਨ ੧੬੮੮ ਵਿਚ ਹੋਈ ਜੰਗ ਵਿਚ ਸਾਰੇ ਹੀ ਨਾਮਵਰ ਜਰਨੈਲ ਜੰਗ ਦੀ ਭੇਟਾ ਹੋ ਗਏ। ਬਾਕੀ ਸੈਨਿਕ ਪ੍ਰਾਣ ਬਚਾ ਕੇ ਲਾਹੌਰ ਮੁੜ ਗਏ। ਯੁੱਧ ਦੀ ਯਾਦ ਵਿਚ ਮਹਾਰਾਜ ਨੇ ਸਰੋਵਰ ਬਣਵਾਇਆ ਜਿਸ ਦਾ ਨਾਮ ਗੁਰੂ ਸਰ ਰੱਖਿਆ। ਕਰਤਾਰਪੁਰ ਵਿਚ ਪੈਂਦੇ ਖਾਂ ਗੁਰੂ ਜੀ ਦੀ ਤਲਵਾਰ ਦੀ ਭੇਟਾ ਹੋ ਗਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੁਗ਼ਲ ਫ਼ੌਜਾਂ ਨਾਲ ਚਾਰ ਜੰਗ ਲੜੇ ਤੇ ਚਾਰਾਂ ਵਿਚ ਹੀ ਜਿੱਤ ਪ੍ਰਾਪਤ ਕੀਤੀ।

ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ੬ ਚੇਤ ਸੰਮਤ ਨਾਨਕਸ਼ਾਹੀ ੧੭੬ ਐਤਵਾਰ ਚੇਤ ਸੁਦੀ ੫, ਮਿਤੀ ੬ ਚੇਤ ੧੭੦੧ ਬਿ. (੩ ਮਾਰਚ ੧੬੪੪) ਨੂੰ ਗੁਰਿਆਈ ਆਪਣੇ ਪੋਤਰੇ, ਬਾਬਾ ਗੁਰਦਿੱਤਾ ਜੀ ਦੇ ਸਪੁੱਤਰ (ਗੁਰੂ) ਹਰਿ ਰਾਇ ਸਾਹਿਬ ਜੀ ਨੂੰ ਸੌਂਪ ਕੇ ਕੀਰਤਪੁਰ ਵਿਚ ਜੋਤੀ ਜੋਤ ਸਮਾ ਗਏ।

ਆਮ ਤੌਰ 'ਤੇ ਯੋਧੇ ਤੇ ਬੀਰ ਬਹਾਦਰ ਪਰਉਪਕਾਰੀ ਨਹੀਂ ਹੁੰਦੇ ਪਰ ਛਟਮ ਪੀਰ ਗੁਰੂ ਹਰਿਗੋਬਿੰਦ ਸਾਹਿਬ ਇੱਕੋ ਵੇਲੇ ਯੋਧੇ ਤੇ ਪਰਉਪਕਾਰੀ ਸਨ। ਗੁਰੂ ਹਰਿਗੋਬਿੰਦ ਸਾਹਿਬ ਐਸੀ ਸ਼ਖ਼ਸੀਅਤ ਸਨ ਜਿਨ੍ਹਾਂ ਉਸ ਬਿਖੜੇ ਸਮੇਂ ਕੌਮ ਨੂੰ ਸਾਹਸ ਦੇ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਕੀਤਾ ਜਦਕਿ ਵਿਰੋਧੀਆਂ ਦਾ ਦਾਈਆ ਸੀ ਕਿ ਇਸ ਕੌਮ ਦੀ ਹਸਤੀ ਮਿਟ ਜਾਏਗੀ। ਪਰ ਕੌਮ ਸਗੋਂ ਹੋਰ ਸ਼ਕਤੀਸ਼ਾਲੀ ਹੋ ਗਈ। ਗੱਲ ਕੀ, ਗੁਰੂ ਹਰਿਗੋਬਿੰਦ ਸਾਹਿਬ ਯੋਧੇ, ਨਿਮਰਤਾ ਤੇ ਧੀਰਜ ਦੇ ਸਿਖਰ, ਪਰਉਪਕਾਰ ਦੀ ਸਾਕਾਰ ਮੂਰਤ ਸਨ।

# ਅਪੀਲ

**ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ।**

**ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030**

**ਫੋਨ ਨੰ.-0172-2657340, E-mail : lobanafoundation@gmail.com**

**ਪ੍ਰਧਾਨ**

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ ॥



ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਪ੍ਰਕਾਸ਼ 23 ਜੁਲਾਈ, 1656 ਈ: ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਕ੍ਰਿਸ਼ਨ ਕੌਰ ਤੇ ਪਿਤਾ ਹਰਿ ਰਾਏ ਸਾਹਿਬ ਦੇ ਗ੍ਰਹਿ ਵਿਖੇ ਹੋਇਆ। ਆਪ ਜੀ 20 ਅਕਤੂਬਰ 1661 ਈ: ਤੋਂ 3 ਮਾਰਚ 1664 ਈ: ਤੱਕ ਗੁਰੂ ਗੱਦੀ ਤੇ ਬਿਰਾਜਮਾਨ ਰਹੇ। ਗੁਰੂ ਗੱਦੀ ਸਮੇਂ ਆਪ ਜੀ ਉਮਰ 5 ਸਾਲ 3 ਮਹੀਨੇ ਸੀ। ਆਪ ਜੀ 30 ਮਾਰਚ 1664 ਈ: ਨੂੰ ਦਿੱਲੀ ਵਿਖੇ ਜੋਤੀ ਜੋਤ ਸਮਾ ਗਏ। ਜਦੋਂ ਉਹਨਾਂ ਦੀ ਉਮਰ 3 ਸਾਲ ਦੀ ਹੋਈ ਤਾਂ ਉਹਨਾਂ ਦੀ ਪੜ੍ਹਾਈ ਲਿਖਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਆਪ ਜੀ ਨੇ ਜਲਦੀ ਹੀ ਪੜ੍ਹਨਾ ਲਿਖਣਾ ਸਿੱਖ ਲਿਆ। ਆਪ ਜੀ ਬਚਪਨ ਤੋਂ ਹੀ ਕਈ ਕਈ ਘੰਟੇ ਸਿਮਰਨ ਵਿਚ ਰਹਿੰਦੇ ਸਨ। ਨੂਰਾਨੀ ਚਿਹਰਾ, ਬਾਲ ਉਮਰ, ਮਨੋਹਰ ਅਵਾਜ਼। ਗੁਰੂ ਗੱਦੀ ਮਿਲਣ ਤੋਂ ਪਹਿਲਾ, ਹਰਿਕ੍ਰਿਸ਼ਨ ਜੀ ਜਦੋਂ ਪਾਠ ਕਰਦੇ, ਸੁਣਨ ਵਾਲੇ ਵੀ ਮਸਤ ਹੋ ਜਾਂਦੇ ਸਨ। ਜੋ ਉਨ੍ਹਾਂ ਦੇ ਇਕ ਵਾਰੀ ਦਰਸ਼ਨ ਕਰ ਲੈਂਦਾ ਸੀ, ਉਹ ਵਾਰ-ਵਾਰ ਕਰਨ ਦੀ ਰੀਝ ਰੱਖਦਾ ਸੀ। ਗੁਰੂ ਹਰਿ ਰਾਏ ਜੀ, ਬਾਲਕ ਹਰਿਕ੍ਰਿਸ਼ਨ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਦਿਕ ਕਥਾ ਕਹਾਣੀਆਂ ਸੁਣਾਉਂਦੇ ਰਹਿੰਦੇ। ਜਦੋਂ ਗੁਰੂ ਜੀ ਲੰਬੀ ਯਾਤਰਾ ਤੇ ਜਾਂਦੇ ਤਾਂ ਵੀ ਬਾਲਕ ਹਰਿਕ੍ਰਿਸ਼ਨ ਜੀ ਨੂੰ ਆਪਣੇ ਨਾਲ ਲੈ ਕੇ ਜਾਂਦੇ।

ਵੱਡੇ ਪੁੱਤਰ ਰਾਮ ਰਾਇ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਜਾ ਕੇ ਉਸ ਦਾ ਅਸਰ ਕਬੂਲ ਲਿਆ ਅਤੇ ਗੁਰਬਾਣੀ ਦੀ ਪੰਕਤੀ ਨੂੰ ਬਦਲ ਦਿੱਤਾ। ਗੁਰੂ ਹਰਿ ਰਾਇ ਜੀ ਨੇ ਬਾਲਕ ਹਰਿ ਕ੍ਰਿਸ਼ਨ ਜੀ ਨੂੰ ਗੁਰੂਗੱਦੀ ਦੇਣ ਦਾ ਦ੍ਰਿੜ ਸੰਕਲਪ ਕਰ ਲਿਆ। ਕੀਰਤਪੁਰ ਸਾਹਿਬ ਵਿਖੇ ਸੰਗਤਾਂ ਦੇ ਭਰਪੂਰ ਇਕੱਠ ਵਿਚ ਗੁਰੂ ਜੀ ਨੇ ਬਾਲਕ ਹਰਿ ਕ੍ਰਿਸ਼ਨ ਨੂੰ ਗੱਦੀ ਤੇ ਬਿਠਾਇਆ ਅਤੇ ਕਿਹਾ ਕਿ ਤੁਸਾਂ ਨੇ ਕਦੀ ਵੀ ਔਰੰਗਜ਼ੇਬ ਨੂੰ ਨਹੀਂ ਮਿਲਣਾ। ਗੁਰੂ ਜੀ ਨੇ ਸੰਗਤਾਂ ਨੂੰ ਸੰਬੋਧਿਤ ਕਰਦੇ ਹੋਏ ਬਚਨ ਕੀਤੇ ਕਿ ਅੱਜ ਤੋਂ ਬਾਅਦ ਹਰਿ ਕ੍ਰਿਸ਼ਨ ਜੀ ਮੇਰੀ ਥਾਂ ਤੇ ਗੁਰੂ ਹੋਣਗੇ। ਉਸ ਸਮੇਂ ਉਨ੍ਹਾਂ ਦੀ ਉਮਰ 5 ਸਾਲ 3 ਮਹੀਨੇ ਸੀ। ਦੂਰ-ਦੁਰਾਡੇ ਤੋਂ ਸੰਗਤਾਂ ਆ ਕੇ ਦਰਸ਼ਨ ਕਰਨ ਲੱਗੀਆਂ। ਭਾਵੇਂ ਉਮਰ ਛੋਟੀ ਸੀ ਪਰ ਅਧਿਆਤਮਕ ਤੌਰ ਤੇ ਆਪ ਜੀ ਸਮਰੱਥ ਗੁਰੂ ਸਨ। ਸਿੱਖ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਵਿਚੋਂ ਗੁਰੂ ਨਾਨਕ ਦੇਵ ਜੀ ਦੇ ਰੂਪ ਦੇ ਹੀ ਦਰਸ਼ਨ ਕਰਦੇ ਸਨ। ਆਪ ਜੀ ਲੋਕਾਂ ਦੇ ਦੁੱਖ ਦੂਰ ਕਰਦੇ, ਉਨ੍ਹਾਂ ਦੀਆਂ ਸ਼ੁੱਭ ਇਛਾਵਾਂ ਨੂੰ ਪੂਰਨ ਕਰਦੇ ਅਤੇ ਸੱਚੇ ਨਾਮ ਦਾ ਜਾਪ ਜਪਾਉਂਦੇ। ਗੁਰੂ ਜੀ ਸੰਗਤਾਂ ਨੂੰ ਉਪਦੇਸ਼ ਦਿੰਦੇ ਕਿ ਨਿਮਰਤਾ ਨਾਲ ਦੁਖੀ ਸਮਾਜ ਦੀ ਸੇਵਾ ਕਰੋ ਅਤੇ ਪਰਮਾਤਮਾ ਤੋਂ ਬਿਨਾਂ ਕਿਸੇ ਦਾ ਵੀ ਡਰ ਨਾ ਰੱਖੋ।

ਇਕ ਵਾਰ ਪਿਸ਼ਾਵਰ ਦੀ ਸੰਗਤ ਦੇ ਨਾਲ ਇਕ ਜਸਵੰਤ ਰਾਇ ਨਾਮ ਦਾ ਚੋਰ ਵੀ ਗੁਰੂ ਜੀ ਕੋਲ ਪਹੁੰਚਿਆ। ਉਸ ਨੇ ਸੁਣ ਰੱਖਿਆ ਸੀ ਕਿ ਗੁਰੂ ਘਰ ਵਿਚ ਬਹੁਤ ਧਨ ਦੌਲਤ ਹੈ। ਇਸ ਲਈ ਉਸ ਨੇ ਨਿਸ਼ਚਾ ਕੀਤਾ ਕਿ ਉਹ ਇਸ ਥਾਂ ਤੋਂ ਚੋਰੀ ਕਰੇਗਾ। ਜਦੋਂ ਸੰਗਤ ਮੱਥਾ ਟੇਕ ਰਹੀ ਸੀ ਤਾਂ ਉਹ ਲਲਚਾਈਆਂ ਅੱਖਾਂ ਨਾਲ ਓਧਰ ਵੇਖ ਰਿਹਾ ਸੀ। ਗੁਰੂ ਜੀ ਸਾਰੀ ਸੰਗਤ ਨੂੰ ਅਸ਼ੀਰਵਾਦ ਦੇ ਰਹੇ ਸਨ। ਜਦੋਂ ਜਸਵੰਤ ਰਾਇ ਮੱਥਾ ਟੇਕਣ ਆਇਆ ਤਾਂ ਗੁਰੂ ਜੀ ਨੇ ਬਚਨ ਕੀਤੇ **ਚੋਰ ਕੀ ਹਾਮਾ ਭਰੇ ਨਾ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ॥** ਇਹ ਸ਼ਬਦ ਸੁਣ ਕੇ ਜਸਵੰਤ ਰਾਇ ਉੱਚੀ-ਉੱਚੀ ਭੁੱਬਾਂ ਮਾਰ ਕੇ ਰੋਣ ਲੱਗ ਪਿਆ। ਗੁਰੂ ਜੀ ਨੇ ਸਮਝਾਇਆ ਕਿ ਚੋਰੀ ਦੀ ਆਦਤ ਛੱਡ ਦੇ। ਚੋਰ ਦੀ ਸਮਾਜ ਵਿਚ ਕੋਈ ਇੱਜ਼ਤ ਨਹੀ ਹੁੰਦੀ। ਜਸਵੰਤ ਰਾਇ ਨੇ ਕੰਨਾਂ ਨੂੰ ਹੱਥ ਲਾ ਕੇ ਗੁਰੂ ਜੀ ਦੇ ਸਾਹਮਣੇ ਪ੍ਰਣ ਕੀਤਾ ਕਿ ਅੱਗੇ ਤੋਂ ਕਦੀ ਚੋਰੀ ਨਹੀਂ ਕਰੇਗਾ ਤੇ ਨੇਕ ਕਮਾਈ ਕਰਕੇ ਜੀਵਨ ਬਸਰ ਕਰੇਗਾ।

ਇਕ ਵਾਰੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਪਾਲਕੀ ਵਿਚ ਬੈਠ ਕੇ ਦਵਾਖਾਨੇ ਵੱਲ ਜਾ ਰਹੇ ਸਨ ਕਿ ਇਕ ਬ੍ਰਾਹਮਣ ਜਿਸ ਨੂੰ ਕੋਹੜ ਦੀ ਬੀਮਾਰੀ ਸੀ, ਆਪ ਜੀ ਦੀ ਪਾਲਕੀ ਅੱਗੇ ਲੇਟ ਗਿਆ ਅਤੇ ਉੱਚੀ ਉੱਚੀ ਚੀਖਣ ਲੱਗਾ ਕਿ ਮੈਂ ਬਹੁਤ ਦੁੱਖੀ ਹਾਂ। ਕ੍ਰਿਪਾ ਕਰਕੇ ਮੇਰਾ ਰੋਗ ਦੂਰ ਕਰੋ। ਗੁਰੂ ਜੀ ਨੇ ਉਸ ਸਮੇਂ ਸੇਵਾਦਾਰਾਂ ਨੂੰ ਪਾਲਕੀ ਥੱਲੇ ਰੱਖਣ ਲਈ ਕਿਹਾ ਤੇ ਪਾਲਕੀ





ਵਿਚੋਂ ਬਾਹਰ ਆ ਕੇ ਕੋਹੜੀ ਬ੍ਰਾਹਮਣ ਨੂੰ ਆਪਣਾ ਰੁਮਾਲ ਦਿੱਤਾ ਅਤੇ ਕਿਹਾ ਕਿ ਇਸ ਨੂੰ ਆਪਣੇ ਮੂੰਹ ਤੇ ਫੇਰੋ। ਜਦੋਂ ਉਸ ਨੇ ਰੁਮਾਲ ਨੂੰ ਆਪਣੇ ਮੂੰਹ ਤੇ ਫੇਰਿਆ ਤਾਂ ਉਹ ਠੀਕ ਹੋ ਗਿਆ ਤੇ ਉਸ ਦੀ ਪੀੜ ਵੀ ਜਾਂਦੀ ਰਹੀ।

ਜਦੋਂ ਗੁਰੂ ਸਾਹਿਬ ਰਾਜਾ ਜੈ ਸਿੰਘ ਅਤੇ ਦਿੱਲੀ ਦੀ ਸੰਗਤ ਦੇ ਸੱਦੇ ਤੇ ਦਿੱਲੀ ਜਾ ਰਹੇ ਸਨ ਤਾਂ ਰਸਤੇ ਵਿਚ ਅੰਬਾਲੇ ਜ਼ਿਲ੍ਹੇ ਵਿਖੇ ਪੰਜੋਖਰੇ ਨਾਮਕ ਇਲਾਕੇ ਵਿਚ ਰੁੱਕੇ। ਉਥੇ ਇਕ ਪੰਡਤ ਲਾਲ ਚੰਦ ਸਿੱਖਾਂ ਨੂੰ ਇਹ ਕਹਿਣ ਲੱਗਾ ਕਿ ਜੇ ਤੁਹਾਡੇ ਗੁਰੂ ਵਿਚ ਏਨੀ ਆਤਮਕ ਤਾਕਤ ਹੈ ਤਾਂ ਕ੍ਰਿਸ਼ਨ ਜੀ ਗੀਤਾ ਦੇ ਅਰਥ ਕਰਕੇ ਦੱਸਣ। ਗੱਲ ਗੁਰੂ ਸਾਹਿਬ ਤੱਕ ਅੱਪੜੀ ਤਾਂ ਉਨ੍ਹਾਂ ਕਿਹਾ ਤੁਸੀਂ ਇਲਾਕੇ ਦੇ ਕਿਸੇ ਵੀ ਸੱਜਣ ਨੂੰ ਲੈ ਆਵੋ, ਗੁਰੂ ਨਾਨਕ ਦੇ ਘਰ ਦੀਆਂ ਬਖਸ਼ਿਸ਼ਾਂ ਹੋਣ, ਤਾਂ ਮੂਰਖ ਵੀ ਸਿਆਣੇ ਬਣ ਸਕਦੇ ਹਨ। ਉਹ ਪੰਡਤ ਅੰਦਰਲੀ ਚਤੁਰਾਈ ਤੇ ਹੰਕਾਰ ਕਰਕੇ ਛੱਜੂ ਨਾਮੀ ਇਕ ਅਨਪੜ੍ਹ, ਸਿੱਧੇ ਸਾਦੇ, ਗੂੰਗੇ ਅਤੇ ਮੂਰਖ ਵਿਅਕਤੀ ਨੂੰ ਲੈ ਆਇਆ। ਜਦ ਗੁਰੂ ਜੀ ਨੇ ਮਿਹਰ ਦੀ ਨਜ਼ਰ ਕੀਤੀ ਤਾਂ ਅਖੌਤੀ ਨੀਚ ਜਾਤ ਦਾ ਉਹ ਛੱਜੂ (ਝਿਊਰ) ਇਕ ਵਿਦਵਾਨ ਵਾਂਗ ਗੀਤਾ ਦੇ ਸੰਸਕ੍ਰਿਤ ਸਲੋਕਾਂ ਦਾ ਪਾਠ ਤੇ ਅਰਥ ਸੁਣਾਉਣ ਲੱਗਾ। ਪੰਡਿਤ ਲਾਲ ਚੰਦ ਸ਼ਰਮਿੰਦਾ ਹੋਇਆ ਅਤੇ ਚਰਨਾਂ ਤੇ ਢਹਿ ਪਿਆ। ਉਹ ਆਪ ਵੀ ਗੁਰੂ ਜੀ ਦਾ ਸਿੱਖ ਬਣ ਗਿਆ ਅਤੇ ਕੁਰਕਸ਼ੇਤਰ ਤੱਕ ਗੁਰੂ ਜੀ ਨਾਲ ਗਿਆ। ਸਾਰੇ ਇਲਾਕੇ ਵਿਚ ਗੁਰਾਂ ਦੀ ਮਹਿਮਾ ਹੋਰ ਫੈਲ ਗਈ। ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੇ ਪੰਜੋਖਰਾ ਵਿਖੇ ਰਹਿ ਕੇ ਗੁਰਮਤਿ ਪ੍ਰਚਾਰ ਕੀਤਾ। ਇਸ ਤੋਂ ਬਾਅਦ ਲਖਨੌਰ, ਕੁਰਕਸ਼ੇਤਰ, ਪਾਨੀਪਤ ਤੇ ਸੋਨੀਪਤ ਹੁੰਦੇ ਹੋਏ ਗੁਰੂ ਜੀ ਦਿੱਲੀ ਪਹੁੰਚੇ। ਰਾਜਾ ਜੈ ਸਿੰਘ ਤੇ ਉਨ੍ਹਾਂ ਦੇ ਸਾਥੀ ਗੁਰੂ ਜੀ ਦਾ ਸਵਾਗਤ ਕਰਨ ਲਈ ਆਏ। ਰਾਜਾ ਜੈ ਸਿੰਘ ਜੀ ਨੇ ਗੁਰੂ ਜੀ ਤੇ ਉਨ੍ਹਾਂ ਨਾਲ ਆਏ ਸਿੱਖਾਂ ਨੂੰ ਆਪਣੇ ਬੰਗਲੇ ਵਿਚ ਠਹਿਰਾਇਆ। ਫਿਰ ਉਸ ਨੇ ਨਿਮਰਤਾ ਸਹਿਤ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਬਾਦਸ਼ਾਹ ਔਰੰਗਜ਼ੇਬ ਆਪ ਜੀ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਗੁਰੂ ਜੀ ਨੇ ਤੁਰੰਤ ਉੱਤਰ ਦਿੱਤਾ ਕਿ ਉਹ ਔਰੰਗਜ਼ੇਬ ਨੂੰ ਨਹੀਂ ਮਿਲਣਾ ਚਾਹੁੰਦੇ ਤੇ ਨਾ ਹੀ ਉਸ ਦੇ ਦਰਬਾਰ ਵਿਚ ਜਾਣ ਦਾ ਉਨ੍ਹਾਂ ਦਾ ਕੋਈ ਇਰਾਦਾ ਹੈ। ਰਾਜਾ ਜੈ ਸਿੰਘ ਤੇ ਉਸ ਦੇ ਦਰਬਾਰੀ ਗੁਰੂ ਜੀ ਦੇ ਦ੍ਰਿੜ ਸੰਕਲਪ ਨੂੰ ਸੁਣ ਕੇ ਦੰਗ ਰਹਿ ਗਏ।

ਰਾਜਾ ਜੈ ਸਿੰਘ ਨੇ ਦਿੱਲੀ ਵਿਖੇ ਗੁਰੂ ਜੀ ਨੂੰ ਬਹੁਤ ਆਦਰ ਸਤਿਕਾਰ ਦਿੱਤਾ। ਪਰ ਰਾਜਾ ਜੈ ਸਿੰਘ ਦੀ ਰਾਣੀ ਨੇ ਬਾਲ-ਗੁਰੂ ਦੀ ਪਰਖ ਕਰਨ ਦੀ ਠਾਣ ਲਈ। ਉਸ ਨੇ ਸਤਿਗੁਰਾਂ ਦੇ ਦਰਸ਼ਨ ਕਰਨ ਦੀ ਤਾਂਘ ਪ੍ਰਗਟ ਕੀਤੀ ਅਤੇ ਕਈ ਹੋਰ ਦਾਸੀਆਂ ਤੇ ਪਟਰਾਣੀਆਂ ਨੂੰ ਮਹੱਲ ਵਿਚ ਬੁਲਾ ਲਿਆ। ਉਸ ਨੇ ਆਪ ਦਾਸੀਆਂ ਵਾਲੇ ਵਸਤਰ ਪਾ ਲਏ। ਉਸ ਨੇ ਮਨ ਵਿਚ ਇਹ ਧਾਰ ਲਿਆ ਕਿ ਜੇ ਗੁਰੂ ਸੱਚਾ ਹੈ ਤਾਂ ਸਾਰਿਆਂ ਨੂੰ ਛੱਡ ਕੇ ਮੇਰੀ ਹੀ ਗੋਦ ਵਿਚ ਆ ਕੇ ਬੈਠੇ। ਗੁਰੂ ਜੀ ਜਾਣੀ ਜਾਣ ਸਨ। ਹੋਰ ਸਾਰਿਆਂ ਦੇ ਕੋਲੋਂ ਲੰਘ ਕੇ ਰਾਣੀ ਕੋਲ ਜਾ ਖੜ੍ਹੇ ਹੋਏ ਤੇ ਕਹਿਣ ਲੱਗੇ ਇਸ ਤਰ੍ਹਾ ਫਕੀਰਾਂ ਦੀ ਪਰਖ ਨਹੀਂ ਕਰੀਦੀ ਹੁੰਦੀ। ਰਾਣੀ ਗੁਰੂ ਜੀ ਦੀਆਂ ਅਧਿਆਤਮਕ ਸ਼ਕਤੀਆਂ ਦੇ ਦਰਸ਼ਨ ਕਰਕੇ ਦੰਗ ਰਹਿ ਗਈ ਤੇ ਉਸ ਦੀਆਂ ਅੱਖਾਂ ਵਿਚ ਸ਼ਰਧਾ ਵਸ ਹੰਝੂ ਆ ਗਏ। ਬਾਲਾ ਪ੍ਰੀਤਮ ਜੀ ਉਸ ਦੇ ਮਨ ਦੀ ਰੀਝ ਪੂਰੀ ਕਰਦੇ ਹੋਏ ਉਸ ਦੀ ਗੋਦ ਵਿਚ ਸੱਜ ਗਏ।

ਗੁਰੂ ਜੀ ਜਦੋਂ ਦਿੱਲੀ ਵਿਖੇ ਹੀ ਸਨ ਉਦੋਂ ਉਥੇ ਚੇਚਕ ਦੀ ਬੀਮਾਰੀ ਪੂਰੇ ਜ਼ੋਰਾਂ ਤੇ ਸੀ। ਗੁਰੂ ਜੀ ਨੇ ਦੁਖੀਆਂ, ਗਰੀਬਾਂ ਦੀ ਸਹਾਇਤਾ ਕਰਨੀ ਸ਼ੁਰੂ ਕਰ ਦਿੱਤੀ। ਘਬਰਾਏ ਹੋਏ ਲੋਕਾਂ ਨੂੰ ਢਾਰਸ ਦੇਣ ਲੱਗੇ। ਗੁਰੂ ਜੀ ਦੁਖੀਆਂ ਦੇ ਦੁਖ ਸੁਣਦੇ ਅਤੇ ਜਿਸ ਪ੍ਰਕਾਰ ਦੀ ਸਹਾਇਤਾ ਦੀ ਲੋੜ ਹੁੰਦੀ ਉਹ ਸਹਾਇਤਾ ਕਰਦੇ। ਭੁੱਖਿਆਂ ਤੇ ਗਰੀਬਾਂ ਲਈ ਲੰਗਰ ਦੇ ਪ੍ਰਬੰਧ ਕੀਤੇ ਅਤੇ ਦਵਾਈਆਂ ਵੀ ਮੁਹੱਈਆ ਕਰਵਾਈਆਂ। ਬੀਮਾਰ ਲੋਕ ਉਨ੍ਹਾਂ ਦੇ ਦਰਸ਼ਨ ਕਰਕੇ ਹੀ ਠੀਕ ਹੋ ਜਾਂਦੇ ਸਨ। ਅੰਤ ਗੁਰੂ ਜੀ ਦੇ ਸਰੀਰ ਤੇ ਵੀ ਚੇਚਕ ਨਿਕਲ ਆਈ। ਅੰਤਮ ਸਮਾਂ ਨੇੜੇ ਆਇਆ ਜਾਣ ਕੇ ਸੰਗਤਾਂ ਨੂੰ ਹੁਕਮ ਕੀਤਾ ਕਿ 'ਬਾਬਾ ਬਕਾਲੇ ਹੈ" ਅਤੇ ਇਸ ਤੋਂ ਪਿੱਛੋ ਆਪ ਜੀ ਜੋਤੀ ਜੋਤ ਸਮਾ ਗਏ ? ਆਪ ਜੀ ਥੋੜ੍ਹਾ ਹੀ ਸਮਾਂ ਗੁਰੂ ਗੱਦੀ ਤੇ ਬਿਰਾਜਮਾਨ ਰਹੇ ਪ੍ਰੰਤੂ ਆਪ ਜੀ ਦੁਆਰਾ ਦਿੱਤੀਆਂ ਸਿੱਖਿਆਵਾਂ ਅਤੇ ਵਿਖਾਈ ਗਈ ਜੁਅਰਤ ਸਾਡੇ ਲਈ ਪ੍ਰੇਰਨਾ ਸ੍ਰੋਤ ਹਨ।"**ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸੁ ਡਿਠੇ ਸਭਿ ਦੁਖਿ ਜਾਇ॥**

ਜਿਸ ਦਾ ਅਰਥ ਹੈ ਕਿ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਯਾਦ ਕਰਨ ਦੇ ਨਾਲ ਹੀ ਸਾਰੇ ਦੁੱਖ ਅਤੇ ਕਸ਼ਟ ਦੂਰ ਹੋ ਜਾਂਦੇ ਹਨ। ਗੁਰੂ ਨਾਨਕ ਦੇਵ ਜੀ ਦੇ ਦਰ ਤੇ ਅੱਜ ਵੀ ਸ਼ਰਧਾ, ਅਰਦਾਸ, ਵਿਸ਼ਵਾਸ, ਸਿੱਦਕ ਅਤੇ ਸਿਮਰਨ ਦੀ ਤਾਕਤ ਨਾਲ ਬਰਕਤਾਂ ਪ੍ਰਤੱਖ ਵਰਤਦੀਆਂ ਹਨ।


**ਪਰਮੇਸਰਿ ਦਿਤਾ ਬੰਨਾ॥ ਦੁਖ ਰੋਗ ਕਾ ਡੇਰਾ ਭੰਨਾ॥**
**ਹਰਿ ਹਰਿ ਨਾਮੁ ਦੀਓ ਦਾਰੂ॥ ਤਿਨਿ ਸਗਲਾ ਰੋਗੁ ਬਿਦਾਰੂ॥**
**ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ॥**

ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਸੇਵਾ ਦਿਵਸ ਵਜੋਂ ਮਨਾਉਂਦੇ ਹੋਏ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਹੋਈਏ।

**(ਗੁਰਚਰਨ ਸਿੰਘ)**
**ਪ੍ਰਧਾਨ**

ਕਿਸ਼ਤ-18

# ਗੁਰ ਸਾਗਰ ਦੇ ਸੁੱਚੇ ਮੋਤੀ




**ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ**

ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ


ਗੁਰਸਾਗਰ ਦੇ ਸੁੱਚੇ ਮੋਤੀ ਪੁਸਤਕ ਜੋ ਕਿ ਸਵ. ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਸਾਬਕਾ ਹੈੱਡ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਵੱਲੋਂ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ ਦੀ ਜੀਵਨੀ 'ਤੇ ਵਿਸਥਾਰ ਸਹਿਤ ਲਿਖੀ ਗਈ ਹੈ ਅਤੇ ਇਹ ਪੁਸਤਕ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਛਪਵਾਈ ਗਈ ਹੈ। ਇਸ ਪੁਸਤਕ ਦੀਆਂ ਕਾਪੀਆਂ ਫਾਊਂਡੇਸ਼ਨ ਦੇ ਚੰਡੀਗੜ੍ਹ ਦਫ਼ਤਰ ਵਿਖੇ ਉਪਲਬਧ ਹਨ। ਸਮੂਹ ਪਾਠਕਾਂ ਅਤੇ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹ ਵਡਮੁੱਲੀ ਪੁਸਤਕ ਚੰਡੀਗੜ੍ਹ ਦੇ ਦਫ਼ਤਰ 'ਚੋਂ ਪ੍ਰਾਪਤ ਕਰ ਸਕਦੇ ਹਨ।

**ਸੰਪਾਦਕ**

## ਗੋਰਖ ਮਤੇ ਦੇ ਨੇੜੇ ਦੇ ਵਣਜਾਰੇ

ਨਾਨਕ ਮਤੇ ਦੇ ਪਵਿੱਤਰ ਅਸਥਾਨ ਦੀ ਜਦੋਂ ਸਿੱਧਾਂ ਬੇਅਦਬੀ ਕੀਤੀ ਤਾਂ ਅਲਮਸਤ ਸਾਧ, ਜੋ ਇਸ ਅਸਥਾਨ ਦੀ ਸੇਵਾ ਕਰਦਾ ਸੀ, ਉਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲ ਆਪਣੇ ਵੱਲੋਂ ਬੇਨਤੀ ਕਰ ਘੱਲੀ ਕਿ ਸਤਿਗੁਰੂ ਜੀ! ਸਿੱਧ ਇਸ ਅਸਥਾਨ ਤੇ ਆਪਣਾ ਦਾਅਵਾ ਕਰਦੇ ਹਨ ਤੇ ਸਤਿਗੁਰਾਂ ਦੇ ਅਸਥਾਨ ਦੀ ਬੇਅਦਬੀ ਕਰ ਰਹੇ ਹਨ। ਮੇਰਾ ਕੋਈ ਚਾਰਾ ਨਹੀਂ, ਆਪ ਕਿਰਪਾ ਕਰੋ, ਦਰਸ਼ਨ ਦਿਉ ਤੇ ਸਤਿਗੁਰਾਂ ਦੇ ਅਸਥਾਨ ਦੀ ਬੇਅਦਬੀ ਹੋਣੋਂ ਹਟਾਵੋ। ਅਲਮਸਤ ਸਾਧ ਦੀ ਬੇਨਤੀ ਪ੍ਰਵਾਨ ਕਰਕੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨਾਨਕ ਮਤੇ ਪੁੱਜੇ। ਸਿੱਧਾਂ ਨੂੰ ਅਤੇ ਉਨ੍ਹਾਂ ਦੇ ਚੇਲਿਆਂ ਨੂੰ ਯੋਗ ਦੰਡ ਦਿੱਤਾ। ਕੁੱਝ ਸਿੱਧ ਡਰਦੇ ਨੱਸ ਗਏ। ਸਤਿਗੁਰ ਜੀ ਦਾ ਆਗਮਨ ਸੁਣ ਕੇ ਬਹੁਤ ਸਾਰੇ ਨੇੜੇ ਦੇ ਪਿੰਡਾਂ ਦੇ ਵਣਜਾਰੇ ਸਿੱਖ ਦਰਸ਼ਨ ਲਈ ਆਏ। ਸਤਿਗੁਰ ਜੀ ਦੇ ਚਰਨਾਂ ਵਿੱਚ ਭੇਟਾ ਰੱਖੀਆਂ। ਸਤਿਗੁਰ ਜੀ ਇਨ੍ਹਾਂ ਵਣਜਾਰੇ ਸਿੱਖਾਂ ਦੀ ਸ਼ਰਧਾ ਵੇਖ ਬੜੇ ਪ੍ਰਸੰਨ ਹੋਏ ਅਤੇ ਇਨ੍ਹਾਂ ਦੀਆਂ ਮਨੋਕਾਮਨਾਂ ਪੂਰੀਆਂ ਕੀਤੀਆਂ। ਜਿਸ ਤਰ੍ਹਾਂ ਕਿ ਭਾਈ ਸੰਤੋਖ ਜੀ ਨੇ ਗੁਰੂ ਪ੍ਰਤਾਪ ਸੂਰਜ, ਰਾਜ ਪੰਜਵੀਂ ਅੰਸੂ 35 ਵਿੱਚ ਹੇਠ ਲਿਖੇ ਅਨੁਸਾਰ ਵਰਨਣ ਕੀਤਾ ਹੈ–

ਨਗਰਨ ਮਹਿਬਹੁ ਸਿੱਖ ਵਣਜਾਰੇ
ਧਨੀ ਬਿਧਾਲ ਕਰਹਿ ਬਿਵਹਾਰੇ।
ਅਰਪਹਿ ਦਰਬ ਸਰਬ ਤਹਿ ਆਨ।
ਗੁਰੂ ਕਾਮਨਾ ਪੂਰਹਿ ਮਹਾਨ।

## ਬਾਬਾ ਮੱਖਣ ਸ਼ਾਹ ਲੁਬਾਣਾ

ਬਾਬਾ ਸਰੂਪ ਦਾਸ ਭੱਲੇ ਨੇ ਸੰਮਤ 1933 ਬਿਕ੍ਰਮੀ ਮੁਤਾਬਕ 1776 ਈਸਵੀਂ ਵਿੱਚ ਮਹਿਮਾ ਪ੍ਰਕਾਸ਼ ਗ੍ਰੰਥ ਰਚਿਆ। ਉਨ੍ਹਾਂ ਦੇ ਲਿਖੇ ਅਨੁਸਾਰ, ਗਿਆਨੀ ਗਰਜਾ ਸਿੰਘ ਖਿਰਾਜਪੁਰੀ ਨੇ ਪਹੋਏ ਦੇ ਪੰਡਤ ਪੂਰਨਾ ਨੰਦ, ਸਪੁੱਤਰ ਪੰਡਤ ਸ਼ਰਧਾ ਰਾਮ ਪਾਸ ਇੱਕ ਵਹੀ ਦੇਖੀ। ਜਿਸ ਵਿੱਚ ਬਾਬੇ ਮੱਖਣ ਸ਼ਾਹ ਦੀ ਪੂਰੀ ਬੰਸਾਵਲੀ, ਜੋ ਭਾਗ ਸਿੰਘ ਪੇਲੀਏ ਨੇ ਸੰਮਤ 1890 ਬਿਕ੍ਰਮੀ ਮੁਤਾਬਕ 1833 ਈਸਵੀਂ ਨੂੰ ਲਿਖਾਈ ਅਤੇ ਕੁਰਸੀਨਾਮਾ ਵੀ ਬਾਬਾ ਮੱਖਣ ਸ਼ਾਹ ਜੀ ਦਾ ਲਿਖਾਇਆ। ਜਿਸ ਅਨੁਸਾਰ ਬਾਬਾ ਮੱਖਣ ਸ਼ਾਹ ਜੀ ਦਾ ਜਨਮ ਭਾਈ ਦਾਸੇ ਪੇਲੀਏ ਦੇ ਗ੍ਰਹਿ, ਪਿੰਡ ਟਾਂਡਾ ਲੁਬਾਣਾ, ਜੋ ਕਸ਼ਮੀਰ ਦੇ ਜ਼ਿਲ੍ਹੇ ਮੁਜ਼ੱਫਰਬਾਦ ਤੋਂ 18 ਮੀਲ ਹੈ, ਵਿਖੇ ਹੋਇਆ। ਮਹਿਮਾ ਪ੍ਰਕਾਸ਼ ਦੇ ਕਥਨ ਅਨੁਸਾਰ ਜਦੋਂ ਸ੍ਰੀ ਹਰਿਗੋਬਿੰਦ ਸਾਹਿਬ ਮਾਤਾ ਭਾਗ ਭਰੀ ਦੀ ਬੇਨਤੀ ਪ੍ਰਵਾਨ ਕਰਕੇ ਸ੍ਰੀਨਗਰ ਪੁੱਜੇ ਤਾਂ ਉਸਦਾ ਆਪਣੇ ਹੱਥੀਂ, ਸੱਧਰਾਂ ਨਾਲ ਤਿਆਰ ਕੀਤਾ ਬਸਤਰ ਭੇਟਾ ਲੈ ਕੇ ਉਸ ਦੀ ਮਨੋਕਾਮਨਾ ਪੂਰੀ ਕੀਤੀ। ਅਤੇ ਉਸਦਾ ਜਨਮ-ਮਰਨ ਤੋਂ ਛੁਟਕਾਰਾ ਕਰਕੇ ਆਪ ਜੀ ਕਸ਼ਮੀਰ ਦੀਆਂ ਸੰਗਤਾਂ ਨੂੰ ਨਿਹਾਲ ਕਰਦੇ ਮੁਜ਼ੱਫਰਬਾਦ ਪੁੱਜੇ, ਜਿੱਥੇ ਕਿ ਬਹੁਤ ਸੁੰਦਰ ਗੁਰਦੁਆਰਾ ਹੈ। ਮੁਜ਼ੱਫਰਾਬਾਦ ਤੋਂ ਦੋ ਕੁ ਮੀਲ ਤੇ ਇੱਕ ਅਸਥਾਨ ਨਲੂਛੀ ਹੈ, ਜਿੱਥੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਠਹਿਰੇ ਸਨ। ਇੱਥੇ ਬਹੁਤ ਸਾਰੇ ਸਿੱਖ ਜੋ ਇਸ ਦੇਸ਼ ਦੇ ਸਨ, ਸਤਿਗੁਰੂ ਜੀ ਦਾ ਆਉਣਾ ਸੁਣ ਕੇ ਹੁਮ-ਹੁਮਾ ਕੇ ਸਤਿਗੁਰਾਂ ਦੇ ਦਰਸ਼ਨ ਲਈ ਆਏ ਤੇ ਦਰਸ਼ਨ ਕਰਕੇ ਨਿਹਾਲ ਹੋਏ। ਸੰਗਤਾਂ ਵਿੱਚ ਇੱਕ ਗੁਰੂ ਦਾ ਸਿੱਖ ਮੱਖਣ ਸ਼ਾਹ ਲੁਬਾਣਾ, ਜੋ ਕਿ ਗੁਰੂ ਘਰ ਦਾ ਬਹੁਤ ਪ੍ਰੇਮੀ ਸੀ, ਸਤਿਗੁਰਾਂ ਦੇ ਸਰੂਪ ਦਾ ਧਿਆਨ ਸਦਾ ਆਪਣੇ ਹਿਰਦੇ ਵਿੱਚ ਰੱਖਦਾ ਸੀ, ਅਤੇ ਰਾਤ ਦਿਨ ਸਤਿਗੁਰਾਂ ਦੀ ਬਾਣੀ ਆਪਣੀ ਰਸਨਾ ਤੋਂ ਪੜ੍ਹਦਾ ਰਹਿੰਦਾ। ਇਹ ਗੁਰੂ ਘਰ ਦਾ ਬਹੁਤ ਪ੍ਰੇਮੀ ਤੇ ਦ੍ਰਿੜ੍ਹ ਨਿਸ਼ਚੈ ਵਾਲਾ ਸਿੱਖ ਸੀ। ਦੇਸ਼ ਦੇਸ਼ਾਂਤਰਾ ਵਿੱਚ ਜਹਾਜ਼ ਭਰ ਕੇ ਮਾਲ ਲਿਜਾਂਦਾ ਤੇ ਵਪਾਰ ਕਰਦਾ ਸੀ। ਸਤਿਗੁਰੂ ਉਸਦੀਆਂ ਮਨੋਕਾਮਨਾਵਾਂ ਪੂਰੀਆਂ ਕਰਦੇ ਸਨ।

ਮਹਿਮਾ ਪ੍ਰਕਾਸ਼ ਦੇ ਲਿਖੇ ਅਨੁਸਾਰ–

**"ਕਸ਼ਮੀਰ ਨਿਕਟ ਸਤਿਗੁਰੂ ਜਬ ਗਏ।**
**ਸਿਖ ਦੇਸ ਕੇ ਆਵਤ ਭਏ?**
**ਜਨਮ ਮਰਨ ਕੀ ਆਸ ਪੁਜਾਵੈ।**
**ਗੁਰ ਦਰਸਨ ਦੇਖ ਨੇਤ੍ਰ ਫਲ ਪਾਵੈ।**
**ਗੁਰ ਕਾ ਸਿੱਖ ਮੱਖਣ ਲੁਬਾਣਾ।**
**ਅਤਿ ਪ੍ਰੇਮੀ ਸਤਿਗੁਰ ਮਨਿ ਭਾਣਾ**
**ਗੁਰ ਮੂਰਤਿ ਹਿਰਦੈ ਸਦ ਰਾਖੈ।**
**ਗੁਰਬਾਣੀ ਨਿਸ ਦਿਨ ਮੁੱਖ ਭਾਖੈ।"**

* ਭਾਈ ਕਾਹਨ ਸਿੰਘ ਨਾਭਾ ਨੇ ਵੀ ਬਾਬਾ ਮੱਖਣ ਸ਼ਾਹ ਨੂੰ ਜ਼ਿਲ੍ਹਾ ਜਹਲਮ ਦੇ ਪਿੰਡ ਟਾਂਡਾ ਦਾ ਵਸਨੀਕ ਇੱਕ ਲੁਬਾਣਾ ਸਿੱਖ ਵਪਾਰੀ ਦੱਸਿਆ।

ਜਿਸ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕੀਤਾ।

* ਭਾਈ ਗਿਆਨ ਸਿੰਘ ਜੀ ਨੇ ਆਪਣੀ 'ਤਾਰੀਖ ਖਾਲਸਾ' ਵਿੱਚ ਮੱਖਣ ਸ਼ਾਹ ਲੁਬਾਣਾ ਜੀ ਨੂੰ ਜ਼ਿਲ੍ਹਾ ਜੇਹਲਮ ਪਿੰਡ ਟਾਂਡਾ ਦਾ ਸਿੱਖ ਦੱਸਿਆ ਹੈ ਅਤੇ ਨਾਲ ਹੀ ਇਹ ਲਿਖਿਆ ਹੈ ਕਿ ਇਸੇ ਪਾਸ ਦਸ ਹਜ਼ਾਰ ਬੈਲ ਸਨ। ਕਈ ਬੈੜੇ ਉਸ ਦੇ ਵਪਾਰ ਵਿੱਚ ਚੱਲਦੇ ਸਨ।

* ਭਾਈ ਸੰਤੋਖ ਸਿੰਘ ਜੀ ਨੇ "ਕ੍ਰਿਤ ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ" ਵਿੱਚ ਹੇਠ ਲਿਖੇ ਅਨੁਸਾਰ ਬਾਬਾ ਮੱਖਣ ਸਿੰਘ ਜੀ ਦਾ ਜਹਾਜ਼ ਬੰਨੇ ਲਗਾਉਣ ਦਾ ਪ੍ਰਸੰਗ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਪ੍ਰਗਟ ਕਰਨ ਦਾ ਪ੍ਰਸੰਗ ਬੜੇ ਵਿਸਥਾਰ ਨਾਲ ਲਿਖਿਆ ਹੈ।

## ਬਾਬਾ ਮੱਖਣ ਸ਼ਾਹ ਲੁਬਾਣਾ ਜੀ ਦਾ ਜਹਾਜ਼

ਮੱਖਣ ਸ਼ਾਹ ਗੁਰੂ ਘਰ ਦਾ ਇੱਕ ਸ਼ਰਧਾਲੂ ਸਿੱਖ ਸੀ। ਜੋ ਬਹੁਤ ਸਾਰਾ ਮਾਲ ਲੈ ਕੇ ਦੇਸ਼ਾਂਤਰ ਵਿੱਚ ਜਹਾਜ਼ ਭਰ ਕੇ ਵੇਚਣ ਲਈ ਗਿਆ। ਉੱਧਰੋਂ ਮਾਲ ਵੇਚ ਕੇ ਜਹਾਜ਼ ਵਿੱਚ ਹੋਰ ਮਾਲ ਭਰ ਕੇ ਵਾਪਸ ਮੁੜਿਆ। ਸਮੁੰਦਰ ਵਿੱਚ ਜਿੱਥੇ ਪਾਣੀ ਬਹੁਤ ਡੂੰਘਾ ਸੀ, ਜ਼ੋਰ ਦੀ ਉਲਟੀ ਹਵਾ ਚੱਲਣ ਕਾਰਨ ਜਹਾਜ਼ ਰੇਤੇ ਦੇ ਇੱਕ ਟਿੱਬੇ ਵਿੱਚ ਫਸ ਗਿਆ। ਮਲਾਹਾਂ ਨੇ ਅਤੇ ਹੋਰ ਬੰਦਿਆਂ ਨੇ ਜਹਾਜ਼ ਕੱਢਣ ਲਈ ਬਹੁਤ ਜ਼ੋਰ ਲਗਾਇਆ, ਪਰ ਜਹਾਜ਼ ਆਪਣੀ ਜਗ੍ਹਾ ਤੋਂ ਜ਼ਰਾ ਵੀ ਨਾ ਹਿੱਲਿਆ। ਮੱਖਣ ਸ਼ਾਹ ਸਾਰੇ ਯਤਨ ਕਰਨ ਉਪਰੰਤ ਬਹੁਤ ਨਿਰਾਸ਼ ਹੋਇਆ ਅਤੇ ਸੋਚਨ ਲੱਗਾ ਕਿ ਹੁਣ ਸਤਿਗੁਰ ਜੀ ਤੋਂ ਬਿਨ੍ਹਾਂ ਇੱਥੇ ਮੇਰਾ ਹੋਰ ਕੋਈ ਸਹਾਇਕ ਨਹੀਂ ਹੋ ਸਕਦਾ। ਇਸ ਤਰ੍ਹਾਂ ਸਤਿਗੁਰੂ ਦੇ ਮਨ ਵਿੱਚ ਪੂਰਾ ਨਿਸ਼ਚਾ ਧਾਰ ਕੇ ਹੱਥ ਪੈਰ ਧੋਤੇ; ਸਤਿਗੁਰਾਂ ਦਾ ਧਿਆਨ ਕੀਤਾ। ਦੋਵੇਂ ਹੱਥ ਜੋੜ, ਖੜੇ ਹੋ ਕੇ ਅਰਦਾਸ ਕੀਤੀ ਕਿ ਹੇ ਸਤਿਗੁਰੂ ! ਤੁਸੀਂ ਨਿਰਾਸਿਆਂ ਦੀ ਆਸ ਪੂਰੀ ਕਰਨ ਵਾਲੇ ਹੋ। ਤੁਹਾਡਾ ਸ਼ੁਰੂ ਤੋਂ ਹੀ ਇਹ ਬਿਧ ਹੈ ਕਿ ਜਦੋਂ ਤੁਹਾਨੂੰ ਕੋਈ ਪੀੜਤ ਦੁਖੀ, ਸ਼ਰਧਾ ਧਾਰ ਕੇ ਯਾਦ ਕਰਦਾ ਰਿਹਾ ਹੈ, ਤੁਸੀਂ ਉਸਦੀ ਸਹਾਇਤਾ ਕਰਦੇ ਆਏ ਹੋ। ਮੈਂ ਆਪ ਦਾ ਸ਼ੁਰੂ ਤੋਂ ਹੀ ਦਾਸ ਹਾਂ। ਹੁਣ ਕ੍ਰਿਪਾ ਕਰੋ, ਜਹਾਜ਼ ਬੰਨੇ ਲਗਾਉ। ਮਨ ਵਿੱਚ ਸੰਕਲਪ ਕੀਤਾ ਕਿ ਪੰਜ ਸੌ ਮੋਹਰਾਂ ਭੇਟ ਕਰਾਂਗਾ। ਦਸਵੰਧ ਵੀ ਆਪ ਦੇ ਚਰਨਾਂ ਵਿੱਚ ਹਾਜ਼ਰ ਕਰਾਂਗਾ। "ਸ੍ਰੀ ਗੁਰੂ ਤੇਗ ਬਹਾਦਰ ਜੀ" ਬਕਾਲੇ ਪਿੰਡ ਵਿੱਚ ਭੋਰੇ ਵਿੱਚ ਬਿਰਾਜਮਾਨ ਸਨ। ਸਿੱਖ ਦੀ ਅਰਦਾਸ ਨੇ ਸਤਿਗੁਰਾਂ ਨੂੰ ਟੁੰਭਿਆ। ਅੰਤਰਜਾਮੀ ਸਤਿਗੁਰੂ ਜੀ ਨੇ ਸਿੱਖ ਦੇ ਮਨ ਦੀ ਜਾਣੀ–

**"ਘਟ ਘਟ ਕੇ ਅੰਤਰ ਕੀ ਜਾਨਤ।**
**ਭਲੇ ਬੁਰੇ ਕੀ ਪੀਰ ਪਛਾਨਤ॥"**

ਸਤਿਗੁਰੂ ਜੀ ਸੋਚਣ ਲੱਗੇ ਕਿ ਸਿੱਖ ਦੀ ਸਹਾਇਤਾ ਹੁਣ ਨਹੀਂ ਕਰਦੇ ਤਾਂ ਗੁਰੂ ਘਰ ਦੀ ਇੱਕ ਤਾਂ ਮਹਿਮਾ ਘਟੇਗੀ, ਦੂਜਾ, ਸਿੱਖ ਦੀ ਸ਼ਰਧਾ ਬਹੁਤ ਹੈ, ਇਸ ਦੀ ਸ਼ਰਧਾ ਨੂੰ ਸੱਟ ਵੱਜੇਗੀ। ਇਸ ਲਈ ਸਭ ਪਾਸੇ ਤੋਂ ਸੋਚ ਵਿਚਾਰ ਕੀਤੀ ਕਿ ਸਿੱਖ ਦੀ ਸਹਾਇਤਾ ਕਰਨੀ ਬਣਦੀ ਹੈ।

ਇੱਕ ਖਿਨ ਵਿੱਚ ਸਿੱਖ ਦਾ ਜਹਾਜ਼ ਬੰਨੇ ਲਗਾਣ ਲਈ ਉਹ ਸਮੁੰਦਰ ਵਿੱਚ ਪਹੁੰਚ ਗਏ। ਲਲਕਾਰਾ ਦੇ ਕੇ ਸਤਿਗੁਰਾਂ ਨੇ ਜਦੋਂ ਮਨੁੱਖਾਂ ਦੇ ਬਹਾਨੇ ਜਹਾਜ਼ ਨੂੰ ਧੱਕਾ ਲਗਾਇਆ ਤੇ ਜਹਾਜ਼ ਚਲ ਪਿਆ। ਮਲਾਹਬ ਤੇ ਹੋਰ ਨਾਲ ਵਾਲੇ ਬੰਦੇ ਸੋਚਣ ਲੱਗੇ ਕਿ ਅਸੀਂ ਜ਼ੋਰ ਨਾਲ ਜਹਾਜ਼ ਚਲਾ ਦਿੱਤਾ ਹੈ। ਮੱਖਣ ਸ਼ਾਹ ਮਨ ਵਿੱਚ ਸੋਚ ਕੇ ਵਿਚਾਰਨ ਲੱਗਾ ਕਿ ਇਤਨੇ ਦਿਨਾਂ ਤੋਂ ਅਸੀਂ ਆਪਣਾ ਸਾਰਾ ਜ਼ੋਰ ਲਗਾ ਰਹੇ ਹਾਂ, ਸਾਡੀ ਕੋਈ ਪੇਸ਼ ਨਹੀਂ ਗਈ ਅਤੇ ਜਹਾਜ਼ ਹਿੱਲਿਆ ਤੱਕ ਨਹੀਂ। ਜਦੋਂ ਮੈਂ ਸਾਰੇ ਪਾਸਿਆਂ ਤੋਂ ਨਿਰਾਸ਼ ਹੋ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਹੈ, ਤਰਲਾ ਕੀਤਾ ਹੈ, ਜੋਦੜੀ ਕੀਤੀ ਹੈ ਤਾਂ ਜਹਾਜ਼ ਝੱਟ ਚਲ ਪਿਆ ਹੈ। ਇਸ ਗੱਲ ਨੂੰ ਮੈਂ ਹੀ ਜਾਣਦਾ ਹਾਂ, ਇਹ ਮੂਰਖ ਲੋਕ ਕੀ ਜਾਣਦੇ ਨੇ। ਹੁਣ ਮੈਂ ਜੇ ਸਤਿਗੁਰਾਂ ਦਾ ਵੱਡਾ ਉਪਕਾਰ, ਜੋ ਮੇਰੇ ਤੇ ਉਨ੍ਹਾਂ ਕੀਤਾ ਹੈ, ਨਾ ਜਾਣਾਂ ਤਾਂ ਮੇਰੇ ਵਰਗਾ ਅਕ੍ਰਿਤਘਣ ਕੌਣ ਹੋ ਸਕਦਾ ਹੈ। ਇਸ ਤਰ੍ਹਾਂ ਜਹਾਜ਼ ਚੱਲਦਾ ਜਾ ਰਿਹਾ ਹੈ ਅਤੇ ਮੱਖਣ ਸ਼ਾਹ ਸਤਿਗੁਰੂਾਂ ਬਾਰੇ ਸੋਚਦਾ ਜਾ ਰਿਹਾ ਹੈ।

ਜਹਾਜ਼ ਆਪਣੇ ਟਿਕਾਣੇ ਪੁੱਜ ਗਿਆ। ਜਹਾਜ਼ ਤੋਂ ਸਮਾਨ ਉਤਾਰ ਲਿਆ। ਇਸ ਤਰ੍ਹਾਂ ਜਾਂਦੀ ਵਾਰ ਦਾ ਮਾਲ ਉਥੇ ਵੇਚ ਆਇਆ ਤੇ ਆਉਂਦੀ ਵਾਰ ਦਾ ਸਾਰਾ ਮਾਲ ਇੱਧਰ ਵੇਚ ਦਿੱਤਾ। ਮੱਖਣ ਸ਼ਾਹ ਨੂੰ ਬਹੁ ਨਫਾ ਹੋਇਆ। ਮੱਖਣ ਸ਼ਾਹ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਭਾਰੀ ਧਨਾਢ ਬਣ ਗਿਆ। ਇੰਨਾ ਭਾਰੀ ਧਨਾਢ ਹੋ ਕੇ ਵੀ ਸਤਿਗੁਰੂ ਜੀ ਨੂੰ ਨਹੀਂ ਭੁੱਲਿਆ। ਗੁਰੂ ਉਤੇ ਉਸ ਦਾ ਦ੍ਰਿੜ੍ਹ ਨਿਸ਼ਚਾ ਸੀ। ਬਾਰ ਬਾਰ ਸਤਿਗੁਰਾਂ ਨੂੰ ਯਾਦ ਕਰਦਾ ਅਤੇ ਮਨ ਵਿੱਚ ਬਹੁਤ ਖਿੱਚ ਅਤੇ ਧਰੂਹ ਪੈਂਦੀ ਕਿ ਉਸ ਗੁਰੂ ਦੇ ਚਲ ਕੇ ਦਰਸ਼ਨ ਕਰਾਂ ਜਿਸ ਗੁਰੂ ਨੇ ਮੇਰਾ ਜਹਾਜ਼ ਬੰਨੇ ਲਗਾਇਆ ਹੈ। ਬਹੁਤ ਸਾਰੀ ਸਮੱਗਰੀ ਨਾਲ ਲੈ ਲਈ। ਬਹੁਤ ਸਾਰੇ ਸੇਵਾਦਾਰ ਤੇ ਨੌਕਰ ਨਾਲ ਲੈ ਲਏ ਅਤੇ ਪੰਜਾਬ ਵੱਲ ਚੱਲ ਪਿਆ। ਵਾਹਿਗੁਰੂ ਦਾ ਨਾਂਅ ਹਿਰਦੇ ਵਿੱਚ ਧਾਰ ਕੇ, ਆਪਣੀ ਇਸਤਰੀ ਤੇ ਆਪਣੇ ਪੁੱਤਰ ਆਦਿ ਸਾਰੇ ਪਰਿਵਾਰ ਨੂੰ ਨਾਲ ਲੈ ਕੇ ਬੜੀ ਸ਼ਰਧਾ ਨਾਲ ਹੌਲੀ ਹੌਲੀ ਸਾਰਾ ਰਸਤਾ ਲੰਘਦਾ ਗਿਆ। ਪੰਜ ਸੌ ਸ਼ਸ਼ਤ੍ਰ–ਧਾਰੀ ਸੂਰਮੇ ਅਤੇ ਸੇਵਕਾਂ ਦੀ ਭੀੜ ਨਾਲ ਸੀ। ਬਹੁਤ ਸਾਰੇ ਧਨ ਦਾ ਖਜ਼ਾਨਾ ਵੀ ਨਾਲ ਸੀ। ਇਸ ਤਰ੍ਹਾਂ ਰਾਤ–ਦਿਨ ਚਲਦਾ–ਚਲਦਾ ਉਸ ਸਤਿਗੁਰਾਂ ਦੇ ਦੇਸ਼ ਪੰਜਾਬ ਦੇ ਨੇੜੇ ਪੁੱਜ ਗਿਆ ਜਿੱਥੇ ਸਤਿਗੁਰਾਂ ਦੀ ਬਹੁਤ ਪਿਆਰੀ ਸਿੱਖੀ ਸੀ।

## ਬਾਬਾ ਮੱਖਣ ਸ਼ਾਹ ਬਕਾਲੇ ਪਿੰਡ ਵਿੱਚ

ਮੱਖਣ ਸ਼ਾਹ ਬਕਾਲੇ ਪਿੰਡ ਦੇ ਨੇੜੇ ਆ ਗਿਆ। ਲੋਕਾਂ ਨੇ ਦੱਸਿਆ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ (ਅੱਠਵੀਂ ਜੋਤ) ਚਲਾਣਾ ਕਰ ਗਏ ਹਨ ਅਤੇ ਉਹ ਕਹਿ ਗਏ ਹਨ 'ਬਾਬਾ ਬਕਾਲੇ'। ਪਰ ਅਜੇ ਤੱਕ ਗੁਰੂ ਦਾ ਸਰੂਪ ਸਾਹਮਣੇ ਨਹੀਂ ਆਇਆ। ਬਾਈ ਮੰਜੀਆਂ ਡਾਹ ਕੇ ਸੋਢੀ ਬੈਠ ਗਏ ਹਨ ਅਤੇ ਆਪਣੇ ਆਪ ਨੂੰ ਗੁਰੂ ਅਖਵਾ ਰਹੇ ਹਨ। ਇਹ ਸਾਰੇ ਤਾਰਿਆਂ ਵਾਂਗੂੰ

ਬੈਠੇ ਹਨ ਤੇ ਸੂਰਜ-ਰੂਪੀ ਗੁਰੂ ਅਜੇ ਤੱਕ ਪ੍ਰਗਟ ਨਹੀਂ ਹੋਏ। ਮੱਖਣ ਸ਼ਾਹ ਦੇ ਮਨ ਵਿੱਚ ਲੋਕਾਂ ਦੀਆਂ ਗੱਲਾਂ ਸੁਣ ਕੇ ਪੱਕਾ ਸੰਸਾ ਹੋ ਗਿਆ ਤੇ ਮਨ ਵਿੱਚ ਸੋਚਣ ਲੱਗਾ ਕਿ ਜਦੋਂ ਸਮੁੰਦਰ ਵਿੱਚ ਮੇਰਾ ਜਹਾਜ਼ ਰੁਕ ਗਿਆ ਸੀ, ਮੈਂ ਸਾਰੇ ਪਾਸਿਆਂ ਤੋਂ ਨਿਰਾਸ਼ ਹੋ ਕੇ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕੀਤੀ ਤਾਂ ਜਹਾਜ਼ ਚਲ ਪਿਆ ਅਤੇ ਸੱਚੇ ਸਤਿਗੁਰਾਂ ਨੇ ਮੇਰੀ ਸਹਾਇਤਾ ਕੀਤੀ। ਉਦੋਂ ਮੈਂ ਮਨ ਵਿੱਚ ਬਹੁਤ ਸਾਰਾ ਧਨ ਸਤਿਗੁਰਾਂ ਦੇ ਚਰਨਾਂ ਵਿੱਚ ਭੇਟਾ ਕਰਨ ਦਾ ਸੰਕਲਪ ਕੀਤਾ ਸੀ। ਜੇ ਮੈਨੂੰ ਵਪਾਰ ਕਰਨ ਤੋਂ ਨਫਾ ਮਿਲਿਆ, ਉਸ ਵਿੱਚੋਂ ਮੈਂ ਗੁਰੂ ਚਰਨਾਂ ਵਿੱਚ ਦਸਵੰਦ ਦੇਣ ਦਾ ਵੀ ਦ੍ਰਿੜ੍ਹ ਨਿਸ਼ਚਾ ਕੀਤਾ ਸੀ। ਇਸ ਤਰ੍ਹਾਂ ਮੈਂ ਬਹੁਤ ਸਾਰਾ ਧਨ ਹੁਣ ਗੁਰੂ ਚਰਨਾਂ ਵਿੱਚ ਭੇਟਾ ਕਰਨਾ ਚਾਹੁੰਦਾ ਹਾਂ। ਗੁਰੂ ਦੀ ਪਹਿਚਾਨ ਹੁਣ ਕਿਸ ਤਰ੍ਹਾਂ ਕਰਾਂ? ਮੱਖਣ ਸ਼ਾਹ ਸੋਚਣ ਲੱਗਾ ਕਿ ਸ਼ੇਰ ਦੀ ਵਸਤੂ ਹਾਥੀ ਨੂੰ ਕਿਸ ਤਰ੍ਹਾਂ ਦਿੱਤੀ ਜਾ ਸਕਦੀ। ਜਿੰਨਾ ਚਿਰ ਗੁਰੂ ਦਾ ਨਿਸ਼ਚਾ ਨਾ ਹੋਵੇ, ਓਨਾ ਚਿਰ ਧਨ ਭੇਟਾ ਕਰਨਾ ਔਖਾ ਹੈ। ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਬਚਨਾਂ ਅਨੁਸਾਰ ਗੁਰੂ ਜ਼ਰੂਰ ਬਕਾਲੇ ਪਿੰਡ ਵਿੱਚ ਹੀ ਹੋਣਾ ਚਾਹੀਦਾ ਹੈ ਅਤੇ ਗੁਰੂ ਦੇ ਸਿੱਖ ਨੂੰ ਗੁਰੂ ਦੇ ਬਚਨ ਉਤੇ ਪੂਰੀ ਸ਼ਰਧਾ ਰੱਖਣੀ ਚਾਹੀਦੀ ਹੈ। ਕਿਉਂਕਿ ਸਿੱਖੀ ਦਾ ਮੁੱਢ ਹੀ ਸ਼ਰਧਾ ਹੈ। ਇਸ ਲਈ ਮੈਂ ਗੁਰੂ ਦੇ ਬਚਨ ਉਤੇ ਭਰੋਸਾ ਰੱਖ ਕੇ ਗੁਰੂ ਨੂੰ ਢੂੰਡਾਂ। ਆਸ ਹੈ ਸਤਿਗੁਰੂ ਜ਼ਰੂਰ ਮੈਨੂੰ ਮਿਲਣਗੇ। ਜੇਕਰ ਮੈਂ ਸਤਿਗੁਰੂ ਨੂੰ ਮਿਲਣ ਤੋਂ ਬਗੈਰ ਮੁੜ ਜਾਵਾਂ ਤਾਂ ਮੇਰਾ ਇਸ ਦੇਸ਼ ਵਿੱਚ ਹੀ ਆਉਣਾ ਵਿਅਰਥ ਹੋ ਜਾਵੇਗਾ। ਫਿਰ ਗੁਰੂ ਨੂੰ ਵੇਖ ਕੇ, ਪਰਖ ਕੇ ਪ੍ਰਗਟ ਕੌਣ ਕਰੇਗਾ? ਇਸ ਤਰ੍ਹਾਂ ਉਦਾਸ ਮਨ ਨਾਲ ਸੋਚਦਾ ਸਤਿਗੁਰਾਂ ਦੇ ਚਰਨਾਂ ਵਿੱਚ ਮਨ ਨੂੰ ਲੀਨ ਕਰ ਕੇ ਕਈ ਦਲੀਲਾਂ ਕਰਦਾ ਬਕਾਲੇ ਪਿੰਡ ਦੇ ਨੇੜੇ ਆ ਗਿਆ। ਸੋਚਣ ਲੱਗਾ ਕਿ ਸਤਿਗੁਰੂ ਜੀ ਮੈਨੂੰ ਕਿਸ ਤਰ੍ਹਾਂ ਮਿਲਣਗੇ? ਜਿਸ ਤਰ੍ਹਾਂ ਹੋਰ ਲੋਕ 22 ਗੁਰੂਆਂ ਨੂੰ ਮਿਲ ਕੇ ਚਲੇ ਜਾਂਦੇ ਹਨ, ਇਸ ਤਰ੍ਹਾਂ ਮੇਰੇ ਪਾਸੋਂ ਤਾਂ ਇਹ ਗੱਲ ਹੋਣੀ ਨਹੀਂ ਕਿ ਮੈਂ ਸਤਿਗੁਰੂ ਨੂੰ ਮਿਲੇ ਬਿਨ੍ਹਾਂ ਹੀ ਚਲਾ ਜਾਵਾਂ। ਮੈਂ ਤਾਂ ਪਹਿਲਾਂ ਗੁਰੂ ਨੂੰ ਪਰਖਾਂਗਾ, ਫਿਰ ਗੁਰੂ ਦੇ ਚਰਨਾਂ ਵਿੱਚ ਭੇਟਾ ਰੱਖਾਂਗਾ ਤੇ ਸਤਿਗੁਰੂ ਜੀ ਦੇ ਮੁੱਖ ਤੋਂ ਸੁੰਦਰ ਬਚਨ ਸੁਣ ਕੇ ਆਪਣਾ ਜਨਮ ਸਫਲ ਕਰਾਂਗਾ। ਬਕਾਲੇ ਪਿੰਡ ਦੇ ਬਾਹਰ ਹੀ ਆਪਣਾ ਡੇਰਾ ਕੀਤਾ। ਆਪਣਾ ਸਭ ਸਮਾਨ ਸੰਭਾਲਿਆ। ਥਾਂ ਪਰ ਥਾਂ ਸਭ ਦਾ ਡੇਰਾ ਲੁਆਇਆ।

## ਮਸੰਦਾਂ ਵੱਲੋਂ ਆਪਣੇ-ਆਪਣੇ ਗੁਰੂ ਵਲ ਪ੍ਰੇਰਨਾ

ਸੋਢੀਆਂ ਨੂੰ ਖਬਰ ਲੱਗੀ ਕਿ ਬੜਾ ਧਨਾਢ ਸਿੱਖ ਆਇਆ ਹੈ। ਉਸ ਨੇ ਬਾਹਰ ਡੇਰਾ ਲਾਇਆ ਹੈ। ਸੋਢੀਆਂ ਨੇ ਆਪਣੇ-ਆਪਣੇ ਮਸੰਦਾਂ ਰਾਹੀਂ ਚੰਗੇ-ਚੰਗੇ ਖਾਣੇ ਤਿਆਰ ਕੇ ਭੇਜੇ। ਹਰ ਤਰ੍ਹਾਂ ਨਾਲ ਬੜਾ ਸਨਮਾਨ ਕੀਤਾ। ਆਪਣੇ-ਆਪਣੇ ਗੁਰੂ ਦੀ ਮਸੰਦ ਬੜੀ ਉਸਤਤੀ ਕਰਨ ਲੱਗੇ ਤੇ ਕਿਹਾ ਕਿ ਸਾਡੇ ਗੁਰੂ ਵਿੱਚ ਬੜੀ ਕਰਾਮਾਤ ਹੈ। ਬਾਕੀ ਤਾਂ ਐਵੇਂ ਹੀ ਆਪਣਾ ਸੋਢੀ ਨਾਮ ਲਈ ਬੈਠੇ ਹਨ। ਦੂਜਾ ਆਇਆ ਤੇ ਕਹਿਣ ਲੱਗਾ ਕਿ ਸਾਡਾ ਗੁਰੂ ਬਹੁਤ ਵੱਡਾ ਹੈ। ਇਸ ਤਰ੍ਹਾਂ ਸਾਡੇ ਸੋਢੀਆਂ ਨੇ ਆਪਣੇ-ਆਪਣੇ ਮਸੰਦ ਭੇਜੇ, ਜੋ ਆਪਣੇ-ਆਪਣੇ ਗੁਰੂ ਵਲ ਲੈ ਜਾਣ ਦੀ ਪ੍ਰੇਰਨਾ ਕਰਦੇ। ਧੀਰ ਮਲ ਦਾ ਇੱਕ ਬੜਾ ਮੋਟਾ ਧਨਾਢ ਤੇ ਬੜਾ ਚਤੁਰ ਮਸੰਦ ਆਇਆ। ਉਸ ਧੀਰ ਮੱਲ ਦੀ ਬੜੀ ਉਸਤਤ ਕੀਤੀ ਅਤੇ ਕਹਿਣ ਲੱਗਾ ਕਿ ਇਹ ਗੁਰਿਆਈ ਤਾਂ ਇਨ੍ਹਾਂ ਦੇ ਘਰ ਦੀ ਹੀ ਸੀ, ਇਨ੍ਹਾਂ ਕੋਲ ਆ ਗਈ ਏ। ਅਤੇ ਦੱਸਣ ਲੱਗਾ ਕਿ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਜੀ ਬੜੇ ਪ੍ਰਤਾਪੀ ਤੇ ਭਾਰੀ ਕਰਾਮਾਤ ਵਾਲੇ ਸਨ। ਜਿਨ੍ਹਾਂ ਨੇ ਇੱਕ ਵੇਰ ਇੱਕ ਮਰੇ ਮਨੁੱਖ ਨੂੰ ਜਿਵਾ ਦਿੱਤਾ ਸੀ। ਪਿਤਾ ਗੁਰੂ ਨੇ ਵਰਜਿਆ ਕਿ ਜੰਮਣਾ ਤੇ ਮਰਨਾ ਉਸ ਮਾਲਕ ਦੇ ਹੁਕਮ ਵਿੱਚ ਹੈ। ਅੱਗੇ ਤੋਂ ਇਸ ਤਰ੍ਹਾਂ ਨਹੀਂ ਕਰਨਾ। ਫਿਰ ਕੁਝ ਸਮੇਂ ਪਿੱਛੋਂ ਇਕ ਮਰੀ ਗਊ ਜਿਵਾ ਦਿੱਤੀ। ਫਿਰ ਪਿਤਾ ਗੁਰੂ ਜੀ ਨੇ ਕਿਹਾ ਕਿ ਤੈਨੂੰ ਰੋਕਿਆ ਸੀ ਕਿ ਇਸ ਤਰ੍ਹਾਂ ਨਹੀਂ ਕਰਨਾ, ਤੂੰ ਫਿਰ ਮੋਈ ਹੋਈ ਗਊ ਜਿਵਾ ਦਿੱਤੀ ਹੈ, ਇਸ ਲਈ ਤੇਰਾ ਇਸ ਸੰਸਾਰ ਵਿੱਚ ਰਹਿਣਾ ਨਹੀਂ ਬਣਦਾ। ਪਿਤਾ ਗੁਰੂ ਜੀ ਦੇ ਬਚਨ ਸੁਣ ਕੇ ਉਨ੍ਹਾਂ ਸਰੀਰ ਤਿਆਗ ਦਿੱਤਾ। ਉਨ੍ਹਾਂ ਦੇ ਦੋ ਪੁੱਤਰ ਸਨ-ਗੁਰੂ ਹਰਿਰਾਇ ਸਾਹਿਬ ਤੇ ਧੀਰ ਮਲ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਆਪਣੇ ਪੁੱਤਰਾਂ ਨੂੰ ਗੱਦੀ ਨਾ ਦਿੱਤੀ ਅਤੇ ਪੋਤਰੇ ਹਰਿ ਰਾਏ ਸਾਹਿਬ ਜੀ ਨੂੰ ਲਾਇਕ ਜਾਣ ਕੇ ਗੱਦੀ ਦੇ ਦਿੱਤੀ।

ਮਸੰਦ ਨੇ ਅੱਗੇ ਕਿਹਾ ਕਿ ਗੁਰੂ ਹਰਿਰਾਇ ਸਾਹਿਬ ਜੀ ਦੇ ਦੋ ਪੁੱਤਰ ਸਨ-ਸ੍ਰੀ ਰਾਮ ਰਾਇ ਸਾਹਿਬ ਤੇ ਸ੍ਰੀ ਹਰਿ ਕ੍ਰਿਸ਼ਨ ਸਾਹਿਬ। ਰਾਮ ਰਾਇ ਨੂੰ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਨੇ ਔਰੰਗਜ਼ੇਬ ਨੂੰ ਬਹੁਤੀਆਂ ਕਰਾਮਾਤਾਂ ਤੇ ਗੁਰਬਾਣੀ ਦੀਆਂ ਤੁਕਾਂ ਉਲਟਾਉਣ ਕਾਰਨ ਛੇਕ ਦਿੱਤਾ। ਇਸ ਕਰਕੇ ਉਸ ਨੂੰ ਗੱਦੀ ਦੇ ਯੋਗ ਨਾ ਸਮਝਿਆ ਤੇ ਗੁਰ ਗੱਦੀ ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਨੂੰ ਮਿਲ ਗਈ। ਉਨ੍ਹਾਂ ਦਾ ਜਿਸ ਤਰ੍ਹਾਂ ਅਕਾਲ ਚਲਾਣਾ ਹੋਇਆ, ਉਹ ਤੁਸੀਂ ਜਾਣਦੇ ਹੋ। ਇਸ ਲਈ, ਹੁਣ ਗੁਰਿਆਈ-ਗੱਦੀ ਦੇ ਯੋਗ ਹਰ ਇੱਕ ਤਰ੍ਹਾਂ ਨਾਲ ਧੀਰ ਮਲ ਜੀ ਹਨ। ਜਿਨ੍ਹਾਂ ਤੋਂ ਸਭ ਸਿੱਖਾਂ ਦੀਆਂ ਮਨੋਕਾਮਨਾਂ ਪੂਰੀਆਂ ਹੁੰਦੀਆਂ ਹਨ।

ਮਸੰਦ ਅੱਗੇ ਕਹਿਣ ਲੱਗਾ ਕਿ ਮੱਖਣ ਸ਼ਾਹ ਸੁਣੋ, ਸਾਰਿਆਂ ਤੋਂ ਮਹਾਨ ਤੇ ਪਵਿੱਤਰ ਗ੍ਰੰਥ ਸਾਹਿਬ ਵੀ ਇਨ੍ਹਾਂ ਪਾਸ ਹੈ, ਇਸ ਲਈ, ਸਾਰਿਆਂ ਤੋਂ ਹੁਣ ਵੱਡੇ ਗੁਰੂ ਧੀਰ ਮੱਲ ਜੀ ਹਨ, ਜੋ ਹਰ ਇੱਕ ਤਰ੍ਹਾਂ ਨਾਲ ਮੰਨਣਯੋਗ ਹਨ, ਤੁਸੀਂ ਹਿਰਦੇ ਵਿੱਚ ਸੋਚ ਵਿਚਾਰ ਕੇ ਇਨ੍ਹਾਂ ਨੂੰ ਗੁਰੂ ਜਾਣ ਕੇ ਇਨ੍ਹਾਂ ਦੀ ਪੂਜਾ ਕਰੋ।

## ਮੱਖਣ ਸ਼ਾਹ ਵੱਲੋਂ ਗੁਰੂਆਂ ਦੀ ਪਰਖ

ਇਸ ਤਰ੍ਹਾਂ ਪਹਿਲੇ ਦਿਨ ਸੋਢੀਆਂ ਆਪਣੇ-ਆਪਣੇ ਮਸੰਦ ਭੇਜੇ ਤੇ ਮੱਖਣ ਸ਼ਾਹ ਨੂੰ ਪ੍ਰੇਰਨ ਦੇ ਯਤਨ ਕੀਤੇ। ਰਾਤ ਪੈ ਗਈ, ਮੱਖਣ ਸ਼ਾਹ ਆਪਣੇ ਮਨ ਵਿੱਚ ਕਈ ਗਿਣਤੀਆਂ-ਗਿਣਦਾ ਸੋਚਦਾ ਹੈ ਕਿ ਇਹ ਤਾਂ ਸਾਰੇ ਆਪਣੇ-ਆਪਣੇ ਵੱਲ ਖਿੱਚਦੇ ਹਨ। ਮੈਨੂੰ ਹੁਣ ਕੀ ਕਰਨਾ ਚਾਹੀਦਾ ਹੈ? ਜੋ ਸਾਰੇ ਸੰਸਾਰ ਨੂੰ ਸਭ ਦਾਤਾਂ ਦੇਣ ਵਾਲੇ ਪੂਰੇ ਗੁਰੂ ਹਨ, ਉਨ੍ਹਾਂ ਦੀ ਇਸ ਤਰ੍ਹਾਂ ਦੀ ਗੱਲ ਕਿਵੇਂ ਹੋ ਸਕਦੀ ਹੈ ਕਿ ਧਨ ਦੇ ਲਾਲਚ ਵਿੱਚ ਆ ਕੇ ਮੇਰੇ ਪਾਸ ਆਪਣੇ ਆਦਮੀਆਂ ਨੂੰ ਭੇਜ ਕੇ ਅਨੇਕ ਤਰ੍ਹਾਂ ਦੀ ਆਪਣੀ-ਆਪਣੀ ਉਸਤਤੀ ਕਰਾ ਕੇ ਮੈਨੂੰ ਖ਼ੁਸ਼ ਕਰਨ ਦਾ ਯਤਨ ਕਰਨ। ਜਿਸ ਗੁਰੂ ਨੇ ਸਮੁੰਦਰ ਵਿੱਚ ਮੇਰੀ ਸਹਾਇਤਾ ਕੀਤੀ ਹੈ, ਮੇਰਾ ਜਹਾਜ਼ ਬੰਨ੍ਹੇ ਲਗਾਇਆ। ਜਿਨ੍ਹਾਂ ਦੀ ਕ੍ਰਿਪਾ ਨਾਲ ਮੈਂ ਧਨਾਢ ਬਣਿਆ। ਉਨ੍ਹਾਂ ਦੀ ਭੇਟਾ ਜੇਕਰ ਉਨ੍ਹਾਂ ਦੇ ਪਾਸ ਨਾ ਪਹੁੰਚੇ ਤਾਂ ਇਸ ਤੋਂ ਵੱਡਾ ਦੋਸ਼ ਹੋਰ ਕੀ ਹੋ ਸਕਦਾ ਹੈ। ਮੱਖਣ ਸ਼ਾਹ ਸੋਚਣ ਲੱਗਾ ਕਿ ਮੈਂ ਤਾਂ ਉਸ ਗੁਰੂ ਦੇ ਦਰਸ਼ਨ ਕਰ ਕੇ ਭੇਟਾ ਦੇਵਾਂਗਾ, ਜਿਸ ਨੇ ਸਮੁੰਦਰ ਵਿੱਚ ਮੇਰੀ ਬੇਨਤੀ ਪ੍ਰਵਾਨ ਕਰ ਕੇ ਮੇਰਾ ਜਹਾਜ਼ ਬੰਨ੍ਹੇ ਲਾਇਆ ਸੀ। ਉਸ ਗੁਰੂ ਦੇ ਦਰਸ਼ਨ ਕਰ ਕੇ ਚਰਨ ਪਰਸਾਂ ਅਤੇ ਮੇਰਾ ਆਉਣਾ ਸਫਲ ਹੋ ਜਾਵੇ।

ਇਸ ਤਰ੍ਹਾਂ ਬੜੀਆਂ ਡੂੰਘੀਆਂ ਸੋਚਾਂ ਵਿੱਚ ਪਏ ਨੂੰ ਇਹ ਗੱਲ ਸੁੱਝੀ ਕਿ ਮੈਂ ਸਾਰਿਆਂ ਨੂੰ ਦੋ-ਦੋ (ਕਿੱਧਰੇ ਪੰਜ-ਪੰਜ ਮੋਹਰਾਂ ਵੀ ਲਿਖਿਆ ਹੈ) ਮੋਹਰਾਂ ਭੇਟਾਂ ਕਰਦਾ ਜਾਵਾਂ। ਜਿਹੜਾ ਗੁਰੂ ਸਮੁੰਦਰ ਵਿੱਚ ਜਹਾਜ਼ ਬੰਨ੍ਹੇ ਲਾਉਣ ਦੀ

ਗਲ ਜਿਤਲਾਵੇ ਅਤੇ ਆਪਣੀ ਭੇਟਾ, ਜੇ ਮੈਂ ਸਮੁੰਦਰ ਵਿੱਚ ਦੇਣ ਲਈ ਪ੍ਰਤਿਗਿਆ ਕੀਤੀ ਸੀ, ਉਹ ਮੰਗ ਲਵੇ, ਉਸ ਗੁਰੂ ਦੇ ਚਰਨਾਂ ਵਿੱਚ ਭੇਟਾ ਕਰਕੇ, ਦਰਸ਼ਨ ਕਰ ਕੇ ਮੈਂ ਨਿਹਾਲ ਹੋਵਾਂਗਾ। ਇਸ ਤਰ੍ਹਾਂ ਮਨ ਵਿੱਚ ਪੱਕਾ ਨਿਸ਼ਚਾ ਕਰ ਕੇ ਰਾਤ ਨੂੰ ਅਰਾਮ ਕੀਤਾ। ਸਵੇਰੇ ਉਠਿਆ, ਇਸ਼ਨਾਨ ਆਦਿ ਕਿਰਿਆ ਸਾਧੀ। ਸਤਿਗੁਰਾਂ ਦਾ ਧਿਆਨ ਕੀਤਾ। ਨਵੇਂ ਬਸਤਰ ਪਾਏ, ਕੁਝ ਧਨ ਆਪਣੇ ਨਾਲ ਲਿਆ। ਬਹੁਤ ਸਾਰੇ ਸੂਰਮਿਆਂ ਦੀ ਭੀੜ ਨਾਲ ਬਕਾਲੇ ਪਿੰਡ ਵਿੱਚ ਪੁੱਜਿਆ। ਸਭ ਤੋਂ ਪਹਿਲਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਿਆ। ਖੜੇ ਹੋ ਕੇ ਪੰਜ ਮੋਹਰਾਂ ਰੱਖ ਕੇ ਅਰਦਾਸ ਕਰਾਈ ਤੇ ਮਨ ਵਿੱਚ ਅਰਾਧਨਾ ਕੀਤੀ। ਫਿਰ ਧੀਰ ਮਲ ਪਾਸ ਜਾ ਕੇ ਦੋ ਮੋਹਰਾਂ ਰੱਖੀਆਂ ਅਤੇ ਦੋਵੇਂ ਹੱਥ ਜੋੜ ਕੇ ਨਮਸਕਾਰ ਕਰ ਕੇ ਬੈਠ ਗਿਆ। ਸੱਚੇ ਗੁਰੂ ਨੂੰ ਯਾਦ ਕਰ ਕੇ ਮਨ ਵਿੱਚ ਹੀ ਕਹਿਣ ਲੱਗਾ ਕਿ ਜੇਕਰ ਤੁਸੀਂ ਸਾਰਿਆਂ ਵਿੱਚੋਂ ਸ਼੍ਰੋਮਣੀ ਗੁਰੂ ਹੋ, ਜੇਕਰ ਸਮੁੰਦਰ ਵਿੱਚ ਜਾ ਕੇ ਤੁਸੀਂ ਮੇਰੀ ਸਹਾਇਤਾ ਕੀਤੀ ਹੈ ਤਾਂ ਮੈਨੂੰ ਦਸ ਦਿਓ ਅਤੇ ਆਪਣੇ ਭੇਟਾ ਲੈ ਲਓ। ਮੈਂ ਤੁਹਾਡੇ ਪਾਸ ਬੈਠਾ ਹਾਂ। ਮੱਖਣਸ਼ ਾਹਨ ੇ ਿ ਹਰਦੇਂ ਵੱਚਬ ਹੁਤੇਰਾਂ ਕਹਾਂ ਕਮ ੈਨੂੰਜ ਹਾਜ਼ਬ ੰਨੇ ਲਗਾਉਣ ਦਾ ਕੁੱਝ ਪਤਾ ਦੇਣ। ਪਰ ਧੀਰ ਮਲ ਨੇ ਜਹਾਜ਼ ਬੰਨੇ ਲਗਾਉਣ ਦਾ ਕੋਈ ਪਤਾ ਨਾ ਦਿੱਤਾ। ਧੀਰ ਮਲ ਵੱਡੀ ਸਾਰੀ ਗੱਦੀ ਤੇ ਬੈਠਾ, ਪਿੱਛੇ ਵੱਡੇ ਸਾਰੇ ਸਿਰਹਾਣੇ ਨਾਲ ਢੋ ਲਾਈ ਹੋਈ ਸੀ। ਸੋਨੇ ਦੀਆਂ ਛੱਟੀਆਂ ਲੈ ਕੇ ਚੋਬਦਾਰ ਸਾਹਮਣੇ ਖੜੇ ਸਨ। ਚੌਰ ਕਰਨ ਵਾਲਾ ਚਾਰੇ ਪਾਸੇ ਚੌਰ ਕਰ ਰਿਹਾ ਸੀ। ਬਹੁਤ ਸਾਰੇ ਲੋਕ ਵੀ ਮਨ ਵਿੱਚ ਕਾਮਨਾ ਲੈ ਕੇ ਖੜੇ ਸਨ। ਧੀਰ ਮਲ ਮੱਖਣ ਸ਼ਾਹ ਵਾਲੇ ਪਾਸੇ ਮੂੰਹ ਕਰਕੇ ਬੜੀ ਘਬਰਾਹਟ ਨਾਲ ਕਹਿੰਦਾ ਹੈ, ਤੁਸੀਂ ਗੁਰੂ ਘਰ ਦੇ ਬਹੁਤ ਵੱਡੇ ਸਿੱਖ ਹੋ, ਭੇਟਾ ਦੇ ਕੇ ਸਭ ਤਰ੍ਹਾਂ ਦੀਆਂ ਖੁਸ਼ੀਆਂ ਲੈਂਦੇ ਹੋ। ਧੀਰ ਮੱਲ ਨੇ ਆਪਣੇ ਅਰਦਾਸੀਆਂ ਨੂੰ ਕਹਿ ਕੇ ਬਹੁਤ ਮੁੱਲ ਦਾ ਸਿਰੋਪਾ ਮੰਗਵਾ ਕੇ ਦਿੱਤਾ। ਧੀਰ ਮਲ ਨੇ ਮਨ ਵਿੱਚ ਸਮਝਿਆ ਕਿ ਹੁਣ ਤਾਂ ਇਹ ਸਿੱਖ ਮੱਥਾ ਟੇਕਣ ਹੀ ਆਇਆ ਹੈ, ਇਸ ਲਈ ਥੋੜ੍ਹੇ ਧਨ ਦੀ ਹੀ ਭੇਟਾ ਕੀਤੀ ਹੈ। ਕੁਝ ਦਿਨ ਤਾਂ ਇਸ ਨੇ ਇੱਥੇ ਰਹਿਣਾ ਹੀ ਹੈ, ਇਸ ਲਈ ਫਿਰ ਆ ਕੇ ਬਹੁਤੀ ਭੇਟਾ ਕਰੇਗਾ।

ਧੀਰ ਮਲ ਨੇ ਬੜੀ ਮਿੱਠੀ ਜ਼ਬਾਨ ਨਾਲ ਮੱਖਣ ਸ਼ਾਹ ਨੂੰ ਉਪਦੇਸ਼ ਦਿੱਤਾ ਤਾਂ ਕਿ ਉਹ ਬਹੁਤਾ ਧਨ ਦੇਵੇ। ਮੱਖਣ ਸ਼ਾਹ ਮਨ ਵਿੱਚ ਸੋਚਣ ਲੱਗਾ ਕਿ ਇਹ ਧੀਰ ਮਲ ਸਾਰਿਆਂ ਤੋਂ ਵੱਡਾ ਗੁਰੂ ਕਹਾਉਂਦਾ ਹੈ। ਦੇਸ ਪ੍ਰਦੇਸ਼ ਤੋਂ ਲੋਕ ਆ ਕੇ ਇਸਦੇ ਪੈਰਾਂ ਉਤੇ ਮੱਥਾ ਟੇਕਦੇ ਹਨ ਤੇ ਮਸੰਦ ਦੱਸਦੇ ਹਨ ਕਿ ਸਤਿਗੁਰਾਂ ਦੇ ਹੁੰਦਿਆਂ ਵੀ ਇਹਦੇ ਪਾਸ ਲੋਕ ਆ ਕੇ ਧਨ ਆਦਿ ਭੇਟਾ ਕਰਦੇ ਸਨ। ਧਨ ਪਦਾਰਥ ਨਾਲ ਵੀ ਇਹ ਬਹੁਤ ਰੱਜਿਆ ਹੋਇਆ ਪ੍ਰਤੀਤ ਹੁੰਦਾ ਹੈ। ਪਰ ਸਮੁੰਦਰ ਵਿੱਚ ਜਹਾਜ਼ ਬੰਨ੍ਹੇ ਲਗਾਉਣ ਦਾ ਪਤਾ ਤਾਂ ਇਸ ਨੇ ਦੱਸਿਆ ਕੋਈ ਨਹੀਂ। ਜੇਕਰ ਪਤਾ ਦੱਸ ਦਿੰਦਾ ਤਾਂ ਆਪਣੀ ਭੇਟਾ ਲੈ ਲੈਂਦਾ। ਮੈਂ ਕਿਸ ਤਰ੍ਹਾਂ ਨਿਸ਼ਚਾ ਕਰ ਲਵਾ ਕਿ ਇਹੋ ਗੁਰੂ ਹੈ। ਮਸੰਦ ਭਾਵੇਂ ਇਸਦੀ ਬਹੁਤ ਉਸਤਤੀ ਕਰਦੇ ਹਨ। ਪਰ ਮੈਨੂੰ ਪ੍ਰਤੀਤ ਨਹੀਂ ਆਉਂਦੀ। ਕਿਉਂਕਿ ਮੇਰੇ ਮਨ ਦੀ ਜਹਾਜ਼ ਚਲਾਉਣ ਦੀ ਗੱਲ ਇਸਨੇ ਦੱਸੀ ਕੋਈ ਨਹੀਂ। ਇਸ ਲਈ ਇਸਦੇ ਗੁਰੂ ਹੋਣ ਵਿੱਚ ਮੈਨੂੰ ਸੰਸਾ ਹੈ। ਬੜੇ ਉਦਾਸ ਮਨ ਨਾਲ ਮੱਖਣ ਸ਼ਾਹ ਬੋਲਣ ਲੱਗਾ ਕਿ ਮੇਰਾ ਮਨਰੋਥ ਪੂਰਾ ਨਹੀਂ ਹੋਇਆ। ਬੜੀ ਮਿੱਠੀ ਜ਼ਬਾਨ ਨਾਲ ਹੱਥ ਜੋੜ ਕੇ ਧੀਰ ਮੱਲ ਨੂੰ ਕਿਹਾ ਕਿ ਹੁਣ ਮੈਨੂੰ ਆਗਿਆ ਬਖਸ਼ੋ, ਫਿਰ ਆਪ ਦੇ ਦਰਸ਼ਨ ਕਰਾਂਗਾ। ਜਦੋਂ ਮੱਥਾ ਟੇਕ ਕੇ ਉੱਠਣ ਨੂੰ ਤਿਆਰ ਹੋਇਆ ਤਾਂ ਧੀਰ ਮੱਲ ਨੇ ਪ੍ਰਸ਼ਾਦ ਦਿੱਤਾ ਤੇ ਆਸ਼ੀਰਵਾਦ ਦਿੱਤੀ ਕਿ ਤੁਹਾਨੂੰ ਰਾਤ ਦਿਨ ਸਤਿਗੁਰੂ ਦੀ ਸਹਾਇਤਾ ਪ੍ਰਾਪਤ ਹੋਵੇ।

ਫਿਰ ਮੱਖਣ ਸ਼ਾਹ ਨੇ ਹੋਰ ਸੋਢੀਆਂ ਨੂੰ ਜਾ ਕੇ ਦੇਖਿਆ। ਸਾਰਿਆਂ ਅੱਗੇ ਦੋ-ਦੋ ਮੋਹਰਾਂ ਰੱਖ ਕੇ ਮੱਥਾ ਟੇਕਦਾ ਗਿਆ ਤੇ ਮਨ ਵਿੱਚ ਕਹਿੰਦਾ ਗਿਆ ਕਿ ਕੋਈ ਇਨ੍ਹਾਂ ਵਿੱਚੋਂ ਮੈਨੂੰ ਡੂੰਘੇ ਸਮੁੰਦਰ ਵਿੱਚੋਂ ਜਹਾਜ਼ ਬੰਨ੍ਹੇ ਲਾਉਣ ਦੀ ਗੱਲ ਦੱਸੇ ਤੇ ਮੇਰੇ ਪਾਸੋਂ ਭੇਟਾ ਲੈ ਲਵੇ। ਪਰ ਮੱਖਣ ਸ਼ਾਹ ਨੂੰ ਸਾਰੇ ਸੋਢੀਆਂ ਵਿੱਚੋਂ ਕਿਸੇ ਨੇ ਵੀ ਉਸਦੇ ਮਨ ਦੀ ਗੱਲ ਨਾ ਦੱਸੀ ਕਿ ਤੇਰਾ ਜਹਾਜ਼ ਅਸੀਂ ਬੰਨ੍ਹੇ ਲਗਾਇਆ ਸੀ। ਵੈਸੇ ਬੜੇ ਆਦਰ ਨਾਲ ਸਾਰੇ ਬਿਠਾਉਂਦੇ ਤੇ ਆਪਣੀ-ਆਪਣੀ ਬੜੀ ਉਸਤਤ ਕਰਦੇ। ਮਿੱਠੀਆਂ-ਮਿੱਠੀਆਂ ਗੱਲਾਂ ਕਰਦੇ ਤੇ ਬਹੁਤ ਮੁੱਲ ਦਾ ਕੀਮਤੀ ਸਿਰੋਪਾ ਵੀ ਦਿੰਦੇ ਤੇ ਕਹਿੰਦੇ ਕਿ ਤੂੰ ਸਾਡਾ ਬਹੁਤ ਵੱਡਾ ਸਿੱਖ ਹੈ, ਤੈਨੂੰ ਗੁਰੂ ਨੇ ਬਹੁਤ ਧਨ ਦਿੱਤਾ ਹੈ ਤੇ ਤੂੰ ਬੜੇ ਪਿਆਰ ਨਾਲ ਗੁਰੂ ਦੀ ਸਿੱਖੀ ਨਿਭਾ ਰਿਹਾ ਏਂ। ਤੂੰ ਬਹੁਤ ਅਕਲ ਵਾਲਾ ਸਿੱਖ ਏਂ। ਸ਼ਾਬਾਸ਼ ਤੇਰੇ ਕਿ ਤੂੰ ਇਤਨੀ ਦੂਰੋਂ ਪਰਿਵਾਰ ਸਮੇਤ ਦਰਸ਼ਨ ਕਰਨ ਆਇਆ ਏਂ। ਬੜੀਆਂ ਮਿੱਠੀਆਂ-ਮਿੱਠੀਆਂ ਗੱਲਾਂ ਕਰਕੇ ਮੱਖਣ ਸ਼ਾਹ ਨੂੰ ਖੁਸ਼ ਕਰਨਾ ਚਾਹੁੰਦੇ ਸਨ।

ਜਿਸ ਤਰ੍ਹਾਂ ਜੰਗਲ ਵਿੱਚ ਸ਼ੇਰ ਛੁਪਿਆ ਰਹੇ ਤਾਂ ਸਾਰੇ ਹਿਰਨ ਵੀ ਆਪਣੇ ਆਪ ਨੂੰ ਸ਼ੇਰ ਹੀ ਕਹਿੰਦੇ ਹਨ। ਇਸ ਤਰ੍ਹਾਂ ਹਿਰਨਾਂ ਵਾਂਗ ਸਾਰੇ ਸੋਢੀ ਆਪਣੇ ਆਪ ਨੂੰ ਸ਼ੇਰ-ਰੂਪ ਗੁਰੂ ਹੀ ਦੱਸਦੇ ਸਨ। ਪਰ ਸਿੱਖਾਂ ਦੀ ਆਸ ਪੂਰੀ ਕਰਨ ਵਾਲੀ ਗੱਲ ਇਨ੍ਹਾਂ ਵਿੱਚ ਕੋਈ ਨਹੀਂ ਸੀ।

ਇਸ ਤਰ੍ਹਾਂ ਮੱਖਣ ਸ਼ਾਹ ਦੋ-ਦੋ ਮੋਹਰਾਂ ਸਾਰਿਆਂ ਅੱਗੇ ਰੱਖ ਕੇ ਮੱਥਾ ਟੇਕਦਾ ਗਿਆ। ਪਰ ਮੱਖਣ ਸ਼ਾਹ ਦੇ ਮਨ ਵਿੱਚ ਇਹ ਗੱਲ ਪੱਕੀ ਬੈਠ ਗਈ ਕਿ ਇਨ੍ਹਾਂ ਸਾਰਿਆਂ ਵਿੱਚ ਅੰਤਰਜਾਮੀ ਕੋਈ ਨਹੀਂ। ਬੜਾ ਉਦਾਸ ਹੋ ਕੇ ਵਾਪਸ ਆਪਣੇ ਡੇਰੇ ਚਲਾ ਗਿਆ ਅਤੇ ਸੋਚਣ ਲੱਗਾ ਕਿ ਹੁਣ ਮੈਨੂੰ ਕੀ ਕਰਨਾ ਚਾਹੀਦਾ ਹੈ? ਮੇਰਾ ਇਤਨੀ ਦੂਰੋਂ ਚਲ ਕੇ ਆਉਣਾ ਸਭ ਨਿਸਫਲ ਹੋਵੇਗਾ। ਮੇਰੇ ਮੰਦੇ ਭਾਗ ਕਿ ਮੈਂ ਇਹ ਨਿਰਣਾ ਹੀ ਨਹੀਂ ਕਰ ਸਕਿਆ ਕਿ ਅਸਲੀ ਗੁਰੂ ਕੌਣ ਹੈ। ਪ੍ਰਤੀਤ ਹੁੰਦਾ ਹੈ ਕਿ ਇਸ ਤਰ੍ਹਾਂ ਸ਼ੇਰ ਕਿਸੇ ਪਹਾੜੀ ਕੰਧਰਾਂ ਵਿੱਚ ਤੇ ਸੂਰਜ ਬੱਦਲੀਆਂ ਵਿੱਚ ਛੁਪਿਆ ਹੋਵੇ, ਇਸ ਤਰ੍ਹਾਂ ਗੁਰੂ ਵੀ ਕਿੱਧਰੇ ਛੁਪੇ ਹੋਏ ਹਨ ਅਤੇ ਆਪਣੀ ਰੌਸ਼ਨੀ ਨਹੀਂ ਦੇ ਰਹੇ। ਸਤਿਗੁਰਾਂ ਦਾ ਦਰਸ਼ਨ ਸਭ ਨਾਲੋਂ ਸ਼੍ਰੇਸ਼ਟ ਹੈ, ਜੋ ਮੈਨੂੰ ਮੰਦਭਾਗੇ ਨੂੰ ਪ੍ਰਾਪਤ ਨਹੀਂ ਹੋ ਰਿਹਾ ਅਤੇ ਨਾ ਹੀ ਮੈਂ ਉਨ੍ਹਾਂ ਦੀ ਭੇਟਾ ਉਨ੍ਹਾਂ ਦੇ ਚਰਨਾਂ ਵਿੱਚ ਅਰਪਣ ਕਰ ਸਕਿਆ ਹਾਂ। ਇਸ ਤਰ੍ਹਾਂ ਮੱਖਣ ਸ਼ਾਹ ਜੀ ਦੂਸਰੀ ਰਾਤ ਵੀ ਸੋਚਦਿਆਂ ਲੰਘ ਗਈ।

(ਚੱਲਦਾ)

**ਆਓ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦੇ ਲੜ ਲੱਗੀਏ ਅਤੇ ਆਪਣੇ ਬੱਚਿਆਂ ਨੂੰ ਵੀ ਪ੍ਰੇਰੀਏ**

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਦੀਆਂ ਸਰਗਰਮੀਆਂ



**ਐਮਬੂਲਸ-ਕਮ-ਮੋਬਾਇਲ ਵੈਨ ਖਰੀਦਣ ਬਾਰੇ** :- ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਉਲੀਕੇ ਗਏ ਪ੍ਰੋਜੈਕਟ ਜਿਨ੍ਹਾਂ ਵਿਚੋਂ ਐਮਬੂਲਸ-ਕਮ-ਕਲੀਨੀਕਲ ਲੈਬ ਨੂੰ ਪੇਂਡੂ ਸਹੂਲਤਾਂ ਲਈ ਸੇਵਾ ਵਿਚ ਲਿਆਉਣ ਲਈ ਖਰੀਦ ਬਾਰੇ ਵਰਕਿੰਗ ਕਮੇਟੀ ਵਲੋਂ ਪ੍ਰਵਾਨਗੀ ਦਿੱਤੀ ਗਈ ਸੀ, ਉਸ ਐਮਬੂਲਸ ਗੱਡੀ ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵਲੋਂ 7,95,000/- ਰੁਪਏ ਖਰਚ ਕਰਕੇ ਖਰੀਦ ਕਰ ਲਈ ਗਈ ਹੈ ਅਤੇ ਇਸ ਖਰੀਦੀ ਹੋਈ ਗੱਡੀ ਨੂੰ ਲੁਬਾਣਾ ਭਵਨ ਦੇ ਕੰਮਪਲੈਕਸ ਵਿਚ ਖੜ੍ਹਾ ਕਰ ਦਿੱਤਾ ਗਿਆ ਹੈ। ਮੋਬਾਇਲ ਵੈਨ ਵਿਚ ਜੋ ਲੋੜੀਂਦੇ ਟੈਸਟ ਲਈ ਫਿਕਸਰਚਜ ਜਿਸ ਤਰ੍ਹਾਂ ਐਨਾਲਾਈਜਰ ਦੀ ਫਿਟਿੰਗ, ਮਰੀਜ਼ ਦੇ ਸਟਰੈਚਰ ਦੀ ਫਿਟਿੰਗ, ਆਕਸੀਜਨ ਗੈਸ ਸਿਲੰਡਰ ਅਤੇ ਹੋਰ ਲੋੜੀਂਦਾ ਸਮਾਨ ਪੈਥਾਲੋਜਿਜਟ (Pathologist) ਦੀ ਇੱਛਾ ਮੁਤਾਬਿਕ ਲਿਆ ਜਾਵੇਗਾ ਅਤੇ ਆਸ ਹੈ ਕਿ ਲਗਪਗ 1 ਮਹੀਨੇ ਵਿਚ ਇਹ ਮੋਬਾਇਲ ਵੈਨ ਵਰਤੋਂ ਵਿਚ ਆ ਜਾਵੇਗੀ ਜਿਸ ਨਾਲ ਲੁਬਾਣਾ ਬਰਾਦਰੀ ਅਤੇ ਹੋਰ ਦੂਜੇ ਗਰੀਬ ਵਰਗ ਦੇ ਲੋਕਾਂ ਨੂੰ ਸਿਹਤ ਨਾਲ ਸੰਬੰਧਿਤ ਟੈਸਟ ਪ੍ਰਦਾਨ ਹੋ ਸਕਣਗੇ। ਇਹ ਪ੍ਰੋਜੈਕਟ ਲਗਪਗ 15 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋ ਜਾਵੇਗਾ ਅਤੇ ਜਲੰਧਰ ਅਦਾਰੇ ਦੇ ਮੈਬਰਾਂ ਦੀ ਪ੍ਰਗਟਾਈ ਗਈ ਇੱਛਾ ਪੂਰੀ ਹੋ ਜਾਵੇਗੀ। ਉਨ੍ਹਾਂ ਵਲੋਂ ਬਣਾਏ ਗਏ ਪ੍ਰੋਜੈਕਟ ਦੀ ਅਨੁਮਾਨਤ ਲਾਗਤ 22.00 ਲੱਖ ਰੁਪਏ ਦੱਸੀ ਗਈ ਸੀ।

**ਪ੍ਰਧਾਨ ਜੀ ਦਾ ਨਵਾਂ ਦਫਤਰ ਬਨਾਉਣ ਬਾਰੇ** :- ਉਪਰੋਕਤ ਪ੍ਰੋਜੈਕਟ ਤੋਂ ਇਲਾਵਾ ਲੁਬਾਣਾ ਭਵਨ ਦੇ ਬਾਗਬਾਨੀ ਦੇ ਕੋਨੇ ਵਿਚ ਬਹੁਤ ਪੁਰਾਣਾ ਸ਼ੈੱਡ ਬਣਿਆ ਹੋਇਆ ਸੀ ਜਿਸ ਉੱਪਰ ਲਗਪਗ 4,25,000 ਰੁਪਏ ਪਹਿਲਾ ਸੰਨ 2002-2003 ਵਿਚ ਖਰਚ ਕੀਤੇ ਗਏ ਸਨ। ਪਰ ਉਸ ਦੀ ਕੋਈ ਵਰਤੋਂ ਨਹੀਂ ਹੋ ਰਹੀ ਸੀ। ਲੁਬਾਣਾ ਭਵਨ ਦੀ ਮੈਨੇਜਮੈਂਟ ਨੇ ਇਸ ਸ਼ੈੱਡ ਨੂੰ ਵਰਤੋਂ ਵਿਚ ਲਿਆਉਣ ਲਈ ਪ੍ਰਧਾਨ ਜੀ ਦਾ ਦਫਤਰ ਬਨਾਉਣ ਦੀ ਤਜਵੀਜ਼ ਨੂੰ ਵਰਕਿੰਗ ਕਮੇਟੀ ਅਤੇ ਵਿੱਤ ਕਮੇਟੀ ਤੋਂ ਪ੍ਰਵਾਨਗੀ ਲਈ ਅਤੇ ਹੁਣ ਇਹ ਸ਼ੈੱਡ ਸਿਰਫ 1.50 ਲੱਖ ਰੁਪਏ ਦੀ ਲਾਗਤ ਨਾਲ ਪ੍ਰਧਾਨ ਜੀ ਦਾ ਦਫਤਰ ਮੁਕੰਮਲ ਕੀਤਾ ਗਿਆ। ਮੌਜੂਦਾ ਪ੍ਰਧਾਨ ਜੀ ਦੇ ਦਫਤਰ ਨੂੰ ਲੁਬਾਣਾ ਬਰਾਦਰੀ ਨਾਲ ਸੰਬੰਧਿਤ ਵੱਖ-ਵੱਖ ਵਾਪਰੀਆਂ ਘਟਨਾਵਾਂ ਨੂੰ ਯਾਦਗਰੀ ਰੂਪ ਵਿਚ ਇਕ ਮਿਊਜ਼ੀਅਮ ਬਣਾ ਕੇ ਵਰਤੋਂ ਵਿਚ ਲਿਆਂਦਾ ਜਾਵੇਗਾ ਤਾਂ ਜੋ ਲੁਬਾਣਾ ਭਵਨ ਵਿਚ ਆਉਣ ਵਾਲੇ ਹਰ ਇਕ ਵਿਅਕਤੀ

ਨੂੰ ਇਨ੍ਹਾਂ ਘਟਨਾਵਾਂ ਬਾਰੇ ਜਾਣਕਾਰੀ ਮਿਲ ਸਕੇ। ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸ਼ੈੱਡ ਦੀ ਰੈਨੋਵੇਸ਼ਨ ਦੀ ਪੂਰਨਤਾ ਲਈ ਲੁਬਾਣਾ ਭਵਨ ਦੇ ਵਿਚ ਪਏ ਪੁਰਾਣੇ ਮਲਬੇ ਵਿਚੋਂ ਸਮਾਨ ਛਾਂਟ ਕੇ ਵਰਤਿਆ ਗਿਆ ਹੈ ਜਿਸ ਤੋਂ ਪਤਾ ਲਗਦਾ ਹੈ ਕਿ ਮੈਨੇਜਮੈਂਟ ਕਿਸ ਹੱਦ ਤੱਕ ਆਪਣੀ ਸੂਝ-ਬੂਝ ਨਾਲ ਕੰਮ ਕਰ ਰਹੀ ਹੈ।

**ਸੁਵਿਧਾਵਾਂ ਬਾਰੇ** :- ਲੁਬਾਣਾ ਭਵਨ ਦੇ ਮੇਨ ਹਾਲ ਵਿਚ ਏ.ਸੀ. ਦਾ ਖਰਚਾ ਘਟਾਉਣ ਲਈ ਅਤੇ ਬੁਕਿੰਗ ਕਰਵਾਉਣ ਵਾਲੀ ਪਾਰਟੀ ਨੂੰ ਸੁਵਿਧਾ ਦੇਣ ਲਈ 16 ਦੀਵਾਰਾਂ ਵਾਲੇ ਪੱਖੇ ਲਗਵਾ ਦਿੱਤੇ ਗਏ ਹਨ। ਇਨ੍ਹਾਂ ਪੱਖਿਆਂ ਦੀ ਹੋਂਦ ਕਾਰਨ ਮੇਨ ਹਾਲ ਦੇ ਏ.ਸੀ. ਦੀ ਕੂਲਿੰਗ ਯੋਗਤਾ ਵਧੇਗੀ ਅਤੇ ਬਿਜਲੀ ਦਾ ਖਰਚ ਵੀ ਘੱਟ ਹੋਵੇਗਾ। ਲੁਬਾਣਾ ਭਵਨ ਦਾ ਏ.ਸੀ. ਪਲਾਂਟ ਵੱਡਾ ਹੋਣ ਕਰਕੇ ਪਾਵਰ ਕੱਟ ਦੌਰਾਨ ਜਨਰੇਟਰ ਤੇ ਏ.ਸੀ. ਨਹੀਂ ਚੱਲਦਾ ਸੀ ਜਿਸ ਨਾਲ ਬੁਕਿੰਗ ਪਾਰਟੀ ਨੂੰ ਪਰੇਸ਼ਾਨੀ ਹੁੰਦੀ ਸੀ ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਵੀ ਪੱਖੇ ਲਗਵਾਏ ਗਏ ਤਾਂ ਜੋ ਬੁਕਿੰਗ ਪਾਰਟੀ ਅਤੇ ਉਨ੍ਹਾਂ ਦੇ ਆਏ ਹੋਏ ਰਿਸ਼ਤੇਦਾਰਾਂ ਨੂੰ ਵਿਆਹ ਸ਼ਾਦੀ ਅਤੇ ਹੋਰ ਫੰਕਸ਼ਨ ਦੌਰਾਨ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ। ਜੂਨ ਦੇ ਮਹੀਨੇ ਵਿਚ ਸੰਤ ਪ੍ਰੇਮ ਸਿੰਘ ਜੀ ਦੀ ਬਰਸੀ ਬੜੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਈ ਗਈ ਸੀ ਜਿਸ ਵਿਚ ਸੰਗਤ ਅਤੇ ਮੈਂਬਰਾਂ ਨੇ ਪੱਖਿਆਂ ਦੀ ਸੁਵਿਧਾ ਨੂੰ ਵੇਖਦੇ ਹੋਏ ਬੜੀ ਸ਼ਲਾਘਾ ਕੀਤੀ। ਇਸੇ ਤਰ੍ਹਾਂ ਹੀ ਆਡੀਟੋਰੀਯਮ ਵਿਚ ਵੀ ਦੀਵਾਰਾਂ ਵਾਲੇ ਪੱਖੇ ਲਗਵਾਉਣ ਬਾਰੇ ਸੋਚਿਆ ਜਾ ਰਿਹਾ ਹੈ ਤਾਂ ਜੋ ਬੁਕਿੰਗ ਪਾਰਟੀ ਨੂੰ ਬੇਅਰਾਮੀ ਨਾ ਹੋਵੇ ਅਤੇ ਬੁਕਿੰਗ ਵਿਚ ਕਿਸੇ ਤਰ੍ਹਾਂ ਦੀ ਦਿੱਕਤ ਨਾ ਹੋਵੇ।

**ਮੈਡੀਕਲ ਵਿੰਗ ਬਾਰੇ** :- ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ 30-ਏ ਚੰਡੀਗੜ੍ਹ ਵਿਚ ਮੈਡੀਕਲ ਹੈਲਥ ਕੇਅਰ ਸੈਂਟਰ ਚਲਾਇਆ ਜਾ ਰਿਹਾ ਹੈ ਜਿਸ ਵਿਚ ਮੈਡੀਕਲ ਓ.ਪੀ. ਡੀ., ਡੈਂਟਲ ਕਲੀਨਿਕ ਸੇਵਾ, ਫਿਜੀਓਥਰੈਪੀ ਸੇਵਾ ਅਤੇ ਕਲੀਨਿਕਲ ਲੈੱਬ ਦੀਆਂ ਸੇਵਾਵਾਂ ਉਪਲਬਧ ਹਨ। ਮੈਡੀਕਲ ਓ.ਪੀ.ਡੀ. ਵਿਚ ਮੁਫਤ ਸੇਵਾਵਾਂ ਦੇ ਨਾਲ-ਨਾਲ ਲੋੜਵੰਦਾਂ ਨੂੰ ਮੁਫਤ ਦਵਾਈਆਂ ਵੀ ਉਪਲਬਧ ਕਰਾਈਆਂ ਜਾ ਰਹੀਆਂ ਹਨ। ਡੈਂਟਲ ਕਲੀਨਿਕ ਦੇ ਰੇਟ ਅਤੇ ਕਲੀਨਿਕਲ ਲੈਬ ਦੇ ਰੇਟ ਵੀ ਬਜ਼ਾਰ ਨਾਲੋਂ ਬਹੁਤ ਘੱਟ ਚਾਰਜ ਕੀਤੇ ਜਾਂਦੇ ਹਨ। ਮਰੀਜ਼ਾਂ ਦੀ ਗਿਣਤੀ ਨੂੰ ਵੇਖਦੇ ਹੋਏ ਮੈਡੀਕਲ ਹੈਲਥ ਕੇਅਰ ਸੈਂਟਰ ਦੀ ਕਲੀਨੀਕਲ ਲੈੱਬ ਵਿਚ ਇਕ ਐਟੋਮੈਟਿਕ ਐਨਾਲਾਈਜਰ (Automatic Analyser) ਦਾ ਪ੍ਰਬੰਧ ਕਰਵਾ ਦਿੱਤਾ ਗਿਆ ਹੈ। ਅਪ੍ਰੈਲ 2015 ਤੋਂ ਜੂਨ 2015 ਦੇ ਮਹੀਨੇ ਵਿਚ ਲੁਬਾਣਾ ਭਵਨ ਵਿਚ ਹੇਠ ਦਿੱਤੇ ਵੇਰਵੇ ਅਨੁਸਾਰ ਮਰੀਜ਼ਾਂ ਨੂੰ ਸੇਵਾਵਾਂ ਉਪਲਬਧ ਕਰਾਈਆਂ ਗਈਆਂ ਹਨ।

| ਲੜੀ ਨੰ. | ਮੈਡੀਕਲ ਹੈਲਥ ਕੇਅਰ ਸੈਂਟਰ | ਅਪ੍ਰੈਲ | ਮਈ | ਜੂਨ |
|---|---|---|---|---|
| 1. | ਮੈਡੀਕਲ ਕਲੀਨਿਕ | 265 | 240 | 230 |
| 2. | ਡੈਂਟਲ ਕਲੀਲਿਕ | 115 | 102 | 109 |
| 3. | ਕਲੀਨੀਕਲ ਲੈੱਬ | 34 | 55 | 60 |

**ਰੈਨੋਵੇਸ਼ਨ ਬਾਰੇ** :- ਆਮ ਪਬਲਿਕ ਦੀ ਸੁਵਿਧਾ ਲਈ ਬਾਥਰੂਮਾਂ (Toilets) ਦੀ ਰੈਨੋਵੇਸ਼ਨ ਦੇ ਰੂਪ ਵਿਚ ਉਸਾਰੀ ਕੀਤੀ ਜਾ ਰਹੀ ਹੈ ਜਿਸ ਨਾਲ ਲੁਬਾਣਾ ਭਵਨ ਦੀ ਰੱਖ ਰਖਾਓ ਅਤੇ ਸਫਾਈ ਵਿਚ ਵਾਧਾ ਹੋਵੇਗਾ।

**ਰਿਹਾਇਸ਼ੀ ਅਤੇ ਨੋਨ ਰਿਹਾਇਸ਼ੀ ਬੁਕਿੰਗ ਬਾਰੇ** :- ਬੜੀ ਖੁਸ਼ੀ ਦੀ ਗੱਲ ਹੈ ਕਿ ਲੁਬਾਣਾ ਭਵਨ ਦੀ ਰਿਹਾਇਸ਼ੀ ਅਤੇ ਨੋਨ ਰਿਹਾਇਸ਼ੀ ਬੁਕਿੰਗ ਦੀ ਆਮਦਨ ਵਿਚ ਦਿਨ ਪ੍ਰਤੀ ਦਿਨ ਵਾਧਾ ਹੋ ਰਿਹਾ ਹੈ ਅਤੇ ਇਹ ਵੇਖਣ ਵਿਚ ਆਇਆ ਹੈ ਕਿ ਜੂਨ ਦੇ ਮਹੀਨੇ ਵਿਚ 7,50,000/- ਰੁਪਏ ਦੀ ਆਮਦਨ ਹੈ ਅਤੇ ਆਸ ਹੈ ਕਿ ਮੈਨੇਜਮੈਂਟ ਦੀ ਸੂਝ-ਬੂਝ ਨਾਲ ਇਸ ਵਿਚ ਹੋਰ ਵੀ ਵਾਧਾ ਹੋਵੇਗਾ।

ਲੁਬਾਣਾ ਭਵਨ ਦੇ ਗੁਰੂ ਘਰ ਵਿਚ 18-07-2015 ਨੂੰ ਰਾਤ ਦਾ ਗੁਰਬਾਣੀ ਕੀਰਤਨ ਦਰਬਾਰ ਸਜਾਇਆ ਗਿਆ ਜਿਸ ਵਿਚ ਲੁਬਾਣਾ ਬਰਾਦਰੀ ਦੇ ਸੁਚੱਜੇ ਕੀਰਤਨੀਏ ਬੀਬੀ ਗੁਲਸ਼ਨ ਕੌਰ ਖੈਮਾਣੀ ਅਤੇ ਤੇਜਿੰਦਰ ਸਿੰਘ ਖੈਮਾਣੀ (ਮਹਾਰਾਸ਼ਟਰ ਤੋਂ) ਵਲੋਂ ਲੁਬਾਣੀ ਬੋਲੀ ਵਿਚ ਬਾਬਾ ਮੱਖਣ ਸ਼ਾਹ ਦੀ ਕੀਰਤੀ ਅਤੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਸੰਗਤਾਂ ਵਲੋਂ ਇਸ ਕੀਰਤਨ ਦਰਬਾਰ ਦੀ ਸ਼ਲਾਘਾ ਕੀਤੀ ਅਤੇ ਇਸੇ ਤਰ੍ਹਾਂ ਦੇ ਅੱਗੋਂ ਤੋਂ ਵੀ ਪ੍ਰੋਗਰਾਮ ਕਰਨ ਲਈ ਕਿਹਾ। ਬੀਬੀ ਜੀ ਨੇ ਇਸ ਤੋਂ ਇਲਾਵਾ ਗੁਰਦੁਆਰਾ ਨਾਡਾ ਸਾਹਿਬ (ਨੇੜੇ ਚੰਡੀਗੜ੍ਹ) ਜੋ ਕਿ ਨਾਡੂ ਸ਼ਾਹ ਲੁਬਾਣਾ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਟਹਿਲ ਸੇਵਾ ਦੀ ਯਾਦ ਵਿਚ ਬਣਿਆ ਹੈ ਵਿਖੇ ਵੀ ਦਿਨ ਵੇਲੇ 18-07-2015 ਨੂੰ ਕੀਰਤਨ ਕੀਤਾ ਅਤੇ ਉੱਥੋਂ ਦੀ ਪ੍ਰਬੰਧਕ ਕਮੇਟੀ ਨੇ ਪ੍ਰਭਾਵਿਤ ਹੋ ਕੇ ਦਿਨ ਐਤਵਾਰ 19-07-2015 ਨੂੰ ਇਕ ਘੰਟੇ ਦੇ ਸਮੇਂ ਲਈ ਵਿਸ਼ੇਸ਼ ਸਮਾਂ ਦਿੱਤਾ ਕਿਉਂਕਿ ਐਤਵਾਰ ਨੂੰ ਸੰਗਤਾਂ ਜ਼ਿਆਦਾ ਹੁੰਦੀਆਂ ਹਨ। ਉਸ ਦਿਨ ਬਾਬਾ ਮੱਖਣ ਸਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰਾਂ ਨੇ ਵੀ ਕੀਰਤਨ ਸਰਵਨ ਕੀਤਾ।

ਵਣ ਮਹਾਂਉਤਸਵ ਨੂੰ ਮਨਾਉਂਦਿਆਂ ਹੋਇਆ ਭਵਨ ਵਿਖੇ ਮੈਨੇਜਮੈਂਟ ਅਤੇ ਮੈਂਬਰਾਂ ਵਲੋਂ ਦੋ ਦਰੱਖਤ ਲਾਏ ਗਏ ਅਤੇ ਬਾਕੀ ਮੈਂਬਰਾਂ ਨੂੰ ਦਰੱਖਤ ਲਾਉਣ ਦੀ ਅਪੀਲ ਕੀਤੀ।

**(ਹਰਬੰਸ ਸਿੰਘ)**

**ਜਨਰਲ ਸਕੱਤਰ**

# 'ਭੁੱਲੇ ਵਿਸਰੇ ਸਿੱਖ'

ਜਦੋਂ ਬਾਬਾ ਬੰਦਾ ਸਿੰਘ ਬਹਾਦਰ ਨੇ ਨਜੀਬਾਬਾਦ ਫਤਹਿ ਕੀਤਾ, ਉਸ ਵੇਲੇ ਜੋ ਫੌਜ ਆਈ ਸੀ ਉਸ ਵਿਚੋਂ ਸਿੱਖ ਫੌਜੀ ਇਸ ਇਲਾਕੇ ਵਿਚ ਹੀ ਵੱਸ ਗਏ। ਉਨ੍ਹਾਂ ਨੇ ਲੋਕਲ ਹੀ ਸ਼ਾਦੀਆਂ ਕਰ ਲਈਆਂ, ਪਰਿਵਾਰਾਂ ਵਾਲੇ ਬਣ ਗਏ, ਇਥੋਂ ਦੀ ਲੋਕਲ ਬੋਲੀ ਹੀ ਅਪਨਾ ਲਈ ਅਤੇ ਹੌਲੀ-ਹੌਲੀ ਇਸ ਸੱਭਿਆਚਾਰ ਦਾ ਹੀ ਅੰਗ ਬਣ ਗਏ। 1938 ਵਿਚ ਪੰਜਾਬ ਤੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਇਸ ਇਲਾਕੇ ਵਿਚ ਇਕ ਕਾਨਫਰੰਸ ਕੀਤੀ ਗਈ। ਪੰਜਾਬ ਦੇ ਸਿੱਖਾਂ ਵੱਲੋਂ ਹਰ ਤਰ੍ਹਾਂ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ ਗਿਆ। ਇਸ ਇਲਾਕੇ ਵਿਚ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ ਅਤੇ ਅੱਜ ਵੀ ਇਥੇ ਸਿੱਖੀ ਪ੍ਰਫੁੱਲਤ ਹੈ। ਮਾਸਟਰ ਤਾਰਾ ਸਿੰਘ ਦੀ ਕਰਵਾਈ ਇਸ ਕਾਨਫਰੰਸ ਤੋਂ ਬਾਅਦ ਕਿਸੇ ਵੀ ਸਿੱਖ ਨੇਤਾ ਨੇ ਉਧਰ ਰੁੱਖ ਨਹੀਂ ਕੀਤਾ। ਇਹ ਸਭ ਲੋਕ ਆਪਣੇ ਬਲਬੂਤੇ ਤੇ ਹੀ ਆਪਣਾ ਨਿਰਬਾਹ ਕਰ ਰਹੇ ਹਨ ਅਤੇ ਉਨ੍ਹਾਂ ਸਭ ਲੋਕਾਂ ਨੇ ਗੁਰੂ ਨਾਲ ਸਾਂਝ ਰੱਖੀ ਹੈ। ਇਹ ਸਭ ਜਾਤਾਂ ਦੇ ਲੋਕ ਘੁੰਮ ਫਿਰ ਕੇ ਵਪਾਰ ਕਰਦੇ ਹਨ। ਜ਼ਿਆਦਾਤਰ ਜਵਾਹਰਾਤ, ਨਸ਼ਾ, ਕੱਪੜੇ ਅਤੇ ਦਵਾਈਆਂ ਆਦਿ ਦਾ ਹੀ ਵਪਾਰ ਕਰਦੇ ਹਨ। ਗੁਰਦੁਆਰਾ ਸਾਹਿਬ ਹਰ ਪਿੰਡ ਵਿਚ ਹੈ। 25 ਕੁ ਪਿੰਡਾਂ ਵਿਚ ਇਹ ਲੋਕ ਫੈਲੇ ਹਨ ਅਤੇ ਹਰ ਪਿੰਡ ਵਿਚ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ। ਸਾਰਾ ਸਾਲ ਇਹ ਲੋਕ ਘੁੰਮ ਫਿਰ ਕੇ ਕੰਮ ਕਰਦੇ ਹਨ ਪਰ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸਵ ਤੇ ਘਰ ਵਾਪਸ ਆ ਕੇ ਇਹਪ_ਰਬਸ਼ ਰਧਾਤ`ਸ਼ ਾਨੋ-ਸ਼ੌਕਤਨ ਾਲ ਮਨਾਉਂਦੇ ਹਨ। ਇਸ ਇਲਾਕੇ ਵਿਚ ਨੂਰਪੁਰ ਕਸਬਾ ਹੈ ਜਿਸ ਵਿਚ ਗੁਰੂ ਤੇਗ ਬਹਾਦਰ ਕਾਲਜ ਹੈ ਅਤੇ ਗੁਰਦੁਆਰਾ ਸਾਹਿਬ ਵੱਲੋਂ ਸਕੂਲ ਚਲਾਇਆ ਜਾ ਰਿਹਾ ਹੈ। ਇਸ ਇਲਾਕੇ ਵਿਚ ਖਾਲਸਾ ਇੰਟਰਨੈਸ਼ਨਲ ਕਾਲਜ ਵੀ ਹੈ। ਗੁਰਦੁਆਰਾ ਸਾਹਿਬ ਵੱਲੋਂ ਗੁਰਬਾਣੀ ਪੜ੍ਹਾਈ ਜਾਂਦੀ ਹੈ ਅਤੇ ਕੀਰਤਨ ਵੀ ਸਿਖਾਇਆ ਜਾਂਦਾ ਹੈ। ਇਥੋਂ ਦੇ ਸਿੱਖਾਂ ਦੀਆਂ ਗੋਤਾਂ ਰਾਜਸਥਾਨੀਆਂ ਨਾਲ ਮਿਲਦੀਆਂ ਹਨ ਅਤੇ ਬੱਚੇ ਸਿਰਾਂ 'ਤੇ ਸੁੰਦਰ ਪਟਕੇ ਬੰਨ੍ਹਦੇ ਹਨ। ਮੁੱਛ ਫੁੱਟ ਗੱਭਰੂ ਵੀ ਸਾਬਤ ਸੂਰਤ ਹਨ। ਇਥੋਂ ਦੇ ਲੋਕ ਗਤਕੇ ਦੇ ਵੀ ਮਾਹਰ ਹਨ ਅਤੇ ਕਿਸੇ ਤੋਂ ਡਰਦੇ ਨਹੀਂ। 1984 ਦੇ ਦੰਗਿਆਂ ਵਿਚ ਵੀ ਕੋਈ ਕੁਸਕਿਆ ਨਹੀਂ।




**ਸ. ਜਗੀਰ ਸਿੰਘ ਲਾਲੀਆ**
**ਵਿੱਤ ਸਕੱਤਰ**
**ਬ.ਮ.ਸ.ਲ. ਫਾਊਂਡੇਸ਼ਨ,**
**ਚੰਡੀਗੜ੍ਹ**
**98149-21838**


1938 ਦੀ ਕਾਨਫਰੰਸ ਤੋਂ ਬਾਅਦ ਕਦੀ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੋਈ ਯਤਨ ਨਹੀਂ ਕੀਤਾ ਗਿਆ ਅਤੇ ਨਾ ਹੀ ਇਨ੍ਹਾਂ ਲੋਕਾਂ ਦੀ ਸਾਰ ਲਈ ਹੈ। ਜ਼ਿਲ੍ਹਾ ਬਿਜਨੌਰ ਦੇ ਚਾਂਦਪੁਰ, ਨੂਰਪੁਰ ਅਤੇ ਹਲਦੋਰ ਇਲਾਕੇ ਵਿਚ ਸਿੱਖੀ ਨੂੰ ਦੇਖ ਕੇ ਜੇ ਪੰਜਾਬ ਦੇ ਸਿੱਖਾਂ ਨਾਲ ਤੁਲਨਾ ਕੀਤੀ ਜਾਵੇ ਤਾਂ ਇਉਂ ਲੱਗਦਾ ਹੈ ਉਥੇ ਕੋਈ ਪਤਿਤ ਸਿੱਖ ਨਹੀਂ ਮਿਲਦਾ ਇਥੇ ਪਿੰਡਾਂ ਵਿਚ ਸਾਬਤ ਸੂਰਤ ਨੌਜਵਾਨ ਟਾਂਵਾਂ-ਟਾਂਵਾਂ ਹੀ ਮਿਲਦਾ ਹੈ। ਇਹ ਲੋਕ ਨਸ਼ਿਆਂ ਤੋਂ ਵੀ ਦੂਰ ਹਨ।

ਇਸ ਇਲਾਕੇ ਵਿਚ ਜ਼ਿਲ੍ਹਾ ਬਜਨੋਰ ਵਿਚ ਤਹਿਸੀਲ ਨਗੀਨਾ ਹੈ ਜਿਸ ਵਿਚ ਕੁਝ ਪਿੰਡ ਜਿਸ ਤਰ੍ਹਾਂ ਟਾਂਡਾ ਸਾਊਵਾਲ, ਹਰਬੰਸ ਵਾਲਾ, ਟਾਂਡਾ ਸਿਕਾਂਵਾਲਾ, ਟਾਂਡਾ ਮਨਕਾਣਾ ਤੇ ਕਾਮ ਨਗਰ ਹਨ, ਜਿਨ੍ਹਾਂ ਵਿਚ ਵਣਜਾਰੇ ਸਿੱਖਾਂ ਦੀ ਅਬਾਦੀ ਹੈ ਇਸ ਦੇ ਗੁਆਂਢ ਵਿਚ ਪੰਜਾਬ ਤੋਂ ਗਏ ਕੁਝ ਪਿੰਡਾਂ ਦੀ ਅਬਾਦੀ ਵੀ ਹੈ। ਇਸ ਇਲਾਕੇ ਵਿਚ ਨਿਰੋਲ ਸਿੱਖਾਂ ਦੀ ਅਬਾਦੀ ਹੈ। ਇਨ੍ਹਾਂ ਲੋਕਾਂ ਦਾ ਪਿਛੋਕੜ ਲੱਖੀ ਸ਼ਾਹ ਵਣਜਾਰਾ ਨਾਲ ਮਿਲਦਾ ਹੈ। ਇਹ ਲੋਕ ਸੀਮਾਂਤ ਕਿਸਾਨਾਂ ਵਿਚ ਆਉਂਦੇ ਹਨ। ਦੋ ਏਕੜ ਤੋਂ 10 ਏਕੜ ਤੱਕ ਇਨ੍ਹਾਂ ਲੋਕਾਂ ਦੀ ਜ਼ਮੀਨ ਹੈ ਅਤੇ ਉਸ ਵਿਚ ਹੀ ਮਿਹਨਤ ਕਰਕੇ ਗੁਜ਼ਾਰਾ ਕਰ ਲੈਂਦੇ ਹਨ। ਟਾਂਡਾ ਸਾਊਵਾਲਾ ਵਿਚ ਗੁਰਦੁਆਰਾ ਸਾਹਿਬ ਦੀ ਇਮਾਰਤ 1959 ਈ. ਵਿਚ ਬਣਾਈ ਗਈ ਸੀ। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਸਾਡੇ ਇਸ ਇਲਾਕੇ ਵਿਚ ਗੁਰੂ ਨਾਨਕ ਦੇਵ ਜੀ ਤੋਂ ਵਰੋਸਾਈ ਸਿੱਖੀ ਹੈ। ਭਾਵੇਂ ਇਹ ਲੋਕ ਘੱਟ ਗਿਣਤੀ ਵਿਚ ਹਨ ਪਰ ਇਹ ਗੁਰੂ ਦੇ ਪਿਆਰ ਤੋਂ ਦੂਰ ਨਹੀਂ ਹੋਏ। ਇਹ ਲੋਕ ਹੋਲੀ ਤੋਂ ਬਾਦ ਇਕ ਵੱਡੇ ਪੱਧਰ ਤੇ ਜੋੜ ਮੇਲਾ ਕਰਦੇ ਹਨ। ਇਸ ਮੇਲੇ ਵਿਚ ਸ਼ਾਮਲ ਹੋਣ ਲਈ ਵਿਦੇਸ਼ਾਂ ਵਿਚ ਗਏ ਲੋਕ ਵੀ ਸ਼ਾਮਲ ਹੋਣ ਲਈ ਆਉਂਦੇ ਹਨ। ਇਸ ਇਲਾਕੇ ਵਿਚੋਂ ਰੁਜ਼ਗਾਰ ਲਈ ਬੱਚੇ ਭਾਰਤ ਦੇ ਦੂਸਰੇ ਪ੍ਰਾਂਤਾਂ ਵਿਚ ਵੀ ਜਾਂਦੇ ਹਨ। ਇਹ ਲੋਕ ਖਾਸਕਰ ਰਾਗੀ ਸਿੰਘਾਂ ਨਾਲ ਤਬਲਾ ਜਾਂ ਹਾਰਮੋਨੀਅਮ ਤੇ ਸਾਥ ਦਿੰਦੇ ਹਨ। ਇਸ ਇਲਾਕੇ ਦੇ ਲੋਕਾਂ ਨੂੰ ਬੜਾ ਮਾਣ ਹੈ ਕਿ ਭਾਈ ਸਾਧੂ ਸਿੰਘ ਦੇਹਰਾਦੂਨ ਵਾਲੇ ਤੇ ਭਾਈ ਰਾਏ ਸਿੰਘ ਹਜ਼ੂਰੀ ਰਾਗੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਇਸ ਇਲਾਕੇ ਵਿਚੋਂ ਹੀ ਹਨ। ਇਸ ਇਲਾਕੇ ਵਿਚ 40 ਸਾਲ ਪਹਿਲਾਂ ਗਿਆਨੀ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਤੋਂ ਪ੍ਰਚਾਰਕ ਆਏ ਸਨ। ਉਹ ਵੀ ਵਣਜਾਰੇ ਸਿੱਖ ਹੀ ਸਨ। ਉਨ੍ਹਾਂ ਦੀ ਸਿੱਖੀ ਦੀ ਪ੍ਰਚਾਰ ਵੀ ਇਸ ਇਲਾਕੇ ਨੂੰ ਬੜੀ ਵੱਡੀ ਦੇਣ ਹੈ। ਉਦੋਂ ਤੋਂ ਹੀ ਇਸ ਇਲਾਕੇ ਵਿਚ ਸਿੱਖੀ ਕਾਇਮ ਹੈ। ਪਰ ਅਫ਼ਸੋਸ ਹੈ ਕਿ ਗਿ. ਤਾਰਾ ਸਿੰਘ ਤੋਂ ਬਾਦ ਕੋਈ ਵੀ ਪ੍ਰਚਾਰਕ ਸ਼੍ਰੋਮਣੀ ਕਮੇਟੀ ਵੱਲੋਂ ਨਹੀਂ ਭੇਜਿਆ ਗਿਆ। ਇਲਾਕੇ ਦੇ ਲੋਕਾਂ ਦਾ ਕਹਿਣਾ ਹੈ ਕਿ ਸਾਡੇ ਬੱਚਿਆਂ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਾਉਣ ਲਈ ਕੋਈ ਅਧਿਆਪਕ ਨਹੀਂ ਹੈ। ਜਿਸ ਦੀ ਉਹ ਲੋਕ ਬਹੁਤ ਲੋੜ ਮਹਿਸੂਸ ਕਰ ਰਹੇ ਹਨ। ਇਸ ਇਲਾਕੇ ਦੇ ਬੱਚੇ ਨਸ਼ਿਆਂ ਦੀ ਨਾਮੁਰਾਦ ਲਾਅਨਤ ਤੋਂ ਬਚੇ ਹੋਏ ਹਨ। ਪੰਜਾਬ ਤੋਂ ਬਹੁਤ ਦੂਰ ਰਹਿ ਕੇ ਵੀ ਇਨ੍ਹਾਂ ਲੋਕਾਂ ਦੀ ਸ਼ਰਧਾ ਅਤੇ ਵਿਸ਼ਵਾਸ ਕਾਇਮ ਹੈ।

ਪਿੰਡ ਟਾਂਡਾ ਸਾਊਵਾਲਾ ਵਿਚ ਇਕ ਨਵੀਂ ਇਮਾਰਤ ਦੀ ਉਸਾਰੀ ਹੋ ਰਹੀ ਹੈ। ਇਨ੍ਹਾਂ ਲੋਕਾਂ ਦੇ ਸਾਧਨ ਸੀਮਤ ਹੋਣ ਕਰਕੇ ਬਿਲਡਿੰਗ ਦੀ ਉਸਾਰੀ ਦੀ ਗਤੀ ਬੜੀ ਹੌਲੀ ਹੈ। ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਇਸ ਇਮਾਰਤ ਨੂੰ ਪੂਰਾ ਕਰਨ ਵਿਚ ਮੱਦਦ ਕੀਤੀ ਜਾਵੇ ਅਤੇ ਇਸ ਇਲਾਕੇ ਵਿਚ ਪੱਕਾ ਪ੍ਰਚਾਰਕ ਭੇਜਿਆ ਜਾਵੇ ਤਾਂ ਕਿ ਆਉਣ ਵਾਲੀ ਪਨੀਰੀ ਸਿੱਖੀ ਦੀ ਧਰੋਹਰ ਬਣੀ ਰਹੇ। ਉਨ੍ਹਾਂ ਦੇ ਇਹ ਲੋੜ ਬਹੁਤ ਜ਼ਰੂਰੀ ਹੈ। ਸਮੇਂ ਦੀ ਮੰਗ ਹੈ ਇਨ੍ਹਾਂ ਲੋਕਾਂ ਨੂੰ ਸਿੱਖੀ ਨਾਲ ਜੋੜੀ ਰੱਖਣਾ ਚਾਹੀਦਾ ਹੈ। ਇਨ੍ਹਾਂ ਪਿੰਡਾਂ ਦੀਆਂ ਲੋੜਾਂ ਸਾਂਝੀਆਂ ਹਨ। ਕਾਲਜ ਅਤੇ ਸਕੂਲ ਵੀ ਇਨ੍ਹਾਂ ਪਿੰਡਾਂ ਤੋਂ 7 ਕਿਲੋਮੀਟਰ ਦੀ ਦੂਰੀ ਤੇ ਹਨ। ਇਸੇ ਤਰ੍ਹਾਂ ਦੇਹਰਾਦੂਨ ਦੇ ਨੇੜੇ ਡੋਈਵਾਲਾ, ਸ਼ਾਂਹਪੁਰ ਟਾਂਡਾ, ਬਾਰਾਮਲ ਤੇ ਟਾਂਡਾ ਮਜਾਦ, ਬਾਦਸ਼ਾਹਪੁਰ, ਸ਼ੇਰਪੁਰ, ਹਰਦੁਆਰ ਦੇ ਕੋਲ ਵੀ ਵਣਜਾਰੇ ਸਿੱਖਾਂ ਦੇ ਪਿੰਡ ਹਨ।

# ਬਿਰਧਾਂ ਦੀ ਸੇਵਾ

ਨਿਰੰਜਨ ਸਿੰਘ ਵਿਰਕ

ਪਾਰਕ ਵਿੱਚ ਇਕੱਲੇ ਚੁੱਪ-ਚਾਪ ਮਾਯੂਸ ਅੱਧਖੜ ਜਿਹੇ ਸਰਦਾਰ ਨੂੰ ਦੇਖ ਕੇ ਬੜਾ ਹੀ ਦੁੱਖ ਹੁੰਦਾ ਸੀ। ਰੋਜ਼ ਦੇਖ ਕੇ ਮੈਂ ਤਾਂ ਤੰਗ ਆ ਗਿਆ ਅਤੇ ਸੈਰ ਦੇ ਹਮਸਾਥੀ ਵਾਸਤੇ ਆਪਣੇ ਆਪ ਵਾਕ ਨਿਕਲ ਗਿਆ: "ਜੋਗਿੰਦਰ ਸਿੰਘ! ਤੁਸੀਂ ਐਨੇ ਮਸਲੇ ਸੁਲਝਾਏ ਹਨ, ਕਿੰਨੇ ਝਗੜੇ ਖ਼ਤਮ ਕੀਤੇ ਹਨ, ਕਿੰਨੇ ਦੁਸ਼ਮਣਾਂ ਦੀਆਂ ਜੱਫੀਆਂ ਪੁਆਈਆਂ ਹਨ। ਤੁਹਾਡਾ ਰੋਜ਼ ਦਾ ਕੰਮ ਹੈ ਕਿ ਕੋਈ ਚੰਗਾ ਕੰਮ ਕੀਤਾ ਜਾਵੇ। ਇਸ ਸਰਦਾਰ ਦੇ ਬਾਰੇ ਜ਼ਰਾ ਸੋਚੋ- ਕਿਤਨਾ ਢਿੱਲਾ ਜਿਹਾ ਸੋਗ ਵਿੱਚ ਮੱਥੇ ਤੇ ਤਿਓੜੀਆਂ ਪਾ ਕੇ ਬੈਠਾ ਹੈ।"

"ਲੈ ਇਹ ਕਿਹੜੀ ਵੱਡੀ ਗੱਲ ਹੈ। ਆਪਾਂ ਕਿਹੜਾ ਦਫ਼ਤਰ ਜਾਣਾ ਹੈ" ਬੋਲ ਕੇ ਸ. ਜੋਗਿੰਦਰ ਸਿੰਘ ਮੈਨੂੰ ਉਸ ਸਰਦਾਰ ਕੋਲ ਲੈ ਗਿਆ ਅਤੇ ਉਸ ਨੂੰ 'ਸਤਿ ਸ੍ਰੀ ਅਕਾਲ' ਬੁਲਾ ਕੇ ਅਸੀਂ ਉਸ ਦੇ ਨਾਲ ਬੈਂਚ ਤੇ ਬਹਿ ਗਏ।

"ਮੌਸਮ ਰਮਣੀਕ ਹੈ। ਪੰਛੀ ਚਹਿਚਹਾ ਰਹੇ ਹਨ... ਸ. ਜੋਗਿੰਦਰ ਸਿੰਘ ਨੇ ਬੋਲਣਾ ਸ਼ੁਰੂ ਹੀ ਕੀਤਾ ਸੀ ਕਿ ਸਰਦਾਰ ਜੀ ਗੁੱਸੇ ਨਾਲ ਲਾਲ ਪੀਲੇ ਹੋ ਗਏ।

"ਦੋ ਦਿਨ ਹੋ ਗਏ ਹਨ ਰੋਟੀ ਨਹੀਂ ਖਾਧੀ। ਤੁਹਾਨੂੰ ਕੀ ਪਤਾ ਹੈ ਭੁੱਖ ਕੀ ਹੁੰਦੀ ਹੈ? ਇੱਕ ਦਿਨ ਵਰਤ ਰੱਖ ਕੇ ਦੇਖੋ ਨਜ਼ਾਰਾ। ਮੌਸਮ ਕਿੱਦਾਂ ਦਾ ਰਮਣੀਕ ਲੱਗਦਾ ਹੈ?"

"ਭਾਈ ਸਾਹਿਬ! ਗ਼ਲਤੀ ਹੋ ਗਈ। ਸਾਨੂੰ ਤੁਹਾਡੇ ਬਾਰੇ ਨਹੀਂ ਸੀ ਪਤਾ। ਮੈਨੂੰ ਮਾਫ ਕਰ ਦਿਉ।" ਸ. ਜੋਗਿੰਦਰ ਸਿੰਘ ਦੇ ਬੋਲਣ ਤੇ ਸਰਦਾਰ ਜੀ ਨੇ ਨੀਵੀਂ ਪਾ ਲਈ, ਰੋਣ ਲੱਗ ਪਿਆ ਅਤੇ ਸਿਸਕੀਆਂ ਲੈਂਦਾ ਲੈਂਦਾ ਬੋਲ ਰਿਹਾ ਸੀ:

"ਚੰਗਾ ਭਲਾ ਮੇਰਾ ਟੱਬਰ ਹੈ... ਸੁੱਖ ਨਾਲ ਬੱਚੇ ਹਨ, ਨੂੰਹ ਰਾਣੀਆਂ ਹਨ। ਚੰਗੀਆਂ ਨੌਕਰੀਆਂ ਤੇ ਲੱਗੇ ਹਨ। ਅਚਾਨਕ ਬੁੜੇ ਦਾ ਹੁਣ ਉਨ੍ਹਾਂ ਨੂੰ ਮੁਸ਼ਕ ਮਾਰਨ ਲੱਗ ਪਿਆ... ਮੇਰੀ ਰੋਟੀ ਬੰਦ ਕਰ ਦਿੱਤੀ।"

ਅਸੀਂ ਉਸ ਨੂੰ ਕੁਝ ਚਿਰ ਵਾਸਤੇ ਰੋਣ ਦਿੱਤਾ ਸੀ ਜਦੋਂ ਉਸਦਾ ਸਭ ਗੁਭ-ਗੁਬਾਰ ਨਿਕਲ ਗਿਆ ਫਿਰ ਅਸੀਂ ਬੇਨਤੀ ਕਰਕੇ ਉਸ ਨੂੰ ਆਪਣੇ ਘਰ ਲੈ ਆਏ, ਖਾਣਾ ਖਿਲਾਇਆ ਤੇ ਸ਼ਾਮ ਨੂੰ ਉਸ ਦੇ ਘਰ ਛੱਡ ਆਏ।

ਦੂਸਰਾ ਦਿਨ ਚੰਗੀ ਕਿਸਮਤ ਨੂੰ ਐਤਵਾਰ ਦਾ ਸੀ। ਸਰਦਾਰ ਸਾਹਿਬ ਦਾ ਸਾਨੂੰ ਪਤਾ ਸੀ ਕਿਤੇ ਪਾਰਕ ਵਿੱਚ ਜਾ ਕੇ ਗੋਡਿਆਂ ਵਿੱਚ ਸਿਰ ਦੇ ਕੇ ਬੈਠਾ ਹੋਊ। ਅਸੀਂ ਟੈਲੀਫੋਨ ਕਰਕੇ ਉਸਦੇ ਘਰ ਚਲੇ ਗਏ। ਆਪਣੀ ਪ੍ਰੀਚੈ ਦੇਣ ਤੋਂ ਬਾਅਦ ਸਰਦਾਰ ਜੋਗਿੰਦਰ ਸਿੰਘ ਨੇ ਆਪਣੇ ਆਉਣ ਦੇ ਮਕਸਦ ਬਾਰੇ ਦੱਸਿਆ ਅਤੇ ਘਰ ਦੇ ਸਾਰੇ ਜੀਅ ਸਰਦਾਰ ਜੀ ਦੀ ਘਰਵਾਲੀ, ਬੱਚੇ, ਨੂੰਹ ਰਾਣੀਆਂ ਨੂੰ ਇਕੱਠੇ ਕਰਕੇ ਬੋਲਣ ਲੱਗ ਪਏ।

"ਭੈਣ ਜੀ ਅਤੇ ਬੱਚਿਓ! ਮੈਨੂੰ ਬੜਾ ਅਫਸੋਸ ਹੈ ਕਿ ਅਸੀਂ ਤੁਹਾਡੇ ਘਰ ਵਿੱਚ ਬਿਨਾਂ ਬੁਲਾਏ ਆਏ ਹਾਂ। ਸਰਦਾਰ ਜੀ ਤੁਹਾਡੇ ਹਨ ਤੁਸੀਂ ਉਨ੍ਹਾਂ ਨੂੰ ਭੁੱਖੇ ਮਾਰੋ, ਕੱਟੋ, ਵੱਢੋ ਸਾਨੂੰ ਕੀ? ਪਰ ਤੁਹਾਡੇ ਪਿਤਾ ਜੀ ਨੂੰ ਮੰਦੀ ਹਾਲਤ ਵਿੱਚ ਇਨਸਾਨੀਅਤ ਖਿਆਲ ਨਾਲ ਸਾਥੋਂ ਦੇਖਿਆ ਨਾ ਗਿਆ ਅਤੇ ਸਾਨੂੰ ਮਜਬੂਰੀ 'ਚ ਆਉਣਾ ਪਿਆ। ਇਸ ਗਲਤੀ ਵਾਸਤੇ ਅਸੀਂ ਮਾਫੀ ਮੰਗਦੇ ਹਾਂ। ਜਿਸ ਤਰ੍ਹਾਂ ਅਸੀਂ ਤੁਹਾਡੇ ਸਰਦਾਰ ਜੀ ਤੋਂ ਸੁਣਿਆ ਹੈ ਇਸ ਘਰ ਵਿੱਚ ਗ੍ਰਹਿ ਮਾੜੇ ਚੱਲ ਰਹੇ ਹਨ। ਹੋ ਸਕਦਾ ਹੈ ਸਾਡੀਆਂ ਗੱਲਾਂ, ਸਲਾਹਾਂ ਕਰਨ ਨਾਲ ਕੁਝ ਹਨੇਰਾ ਘਟ ਜਾਵੇ ਅਤੇ ਸੁੱਖ ਸ਼ਾਂਤੀ ਆ ਜਾਵੇ। ਜ਼ਿਆਦਾ ਨਹੀਂ



ਅਸੀਂ ਸਿਰਫ 10 ਮਿੰਟ ਹੀ ਲਵਾਂਗੇ।"



ਸਭ ਚੁੱਪ ਚਾਪ ਸੁਣ ਰਹੇ ਸੀ। ਇਤਨੇ ਵਕਤ ਤੱਕ ਸਰਦਾਰ ਜੀ ਵੀ ਪਰਤ ਆਏ ਅਤੇ ਧਿਆਨ ਪੂਰਵਕ ਸੁਣਨ ਲੱਗ ਪਏ। ਸਰਦਾਰ ਜੋਗਿੰਦਰ ਸਿੰਘ ਨੇ ਆਪਣਾ ਭਾਸ਼ਣ ਚਾਲੂ ਰੱਖਿਆ: "ਵਾਰੀ ਆਪੋ ਆਪਣੀ ਕੇ ਨੇੜੇ ਕੇ ਦੂਰ" ਕਥਨ ਅਨੁਸਾਰ ਸਾਰਿਆਂ ਨੇ ਇੱਕ ਨਾ ਇੱਕ ਦਿਨ ਬੁੱਢੇ ਹੋਣਾ ਹੈ-ਇਹ ਇੱਕ ਅਟੱਲ ਸਚਾਈ ਹੈ। ਜ਼ਰਾ ਸੋਚੋ ਜੋ ਤੁਸੀਂ ਆਪਣੇ ਬਿਰਧ ਨਾਲ ਸਲੂਕ ਕਰ ਰਹੇ ਹੋ ਨਿਸ਼ਚੇ ਹੀ ਉਹੀ ਸਲੂਕ ਤੁਹਾਡੇ ਬੱਚੇ ਜਦੋਂ ਤੁਸੀਂ ਬੁੱਢੇ ਹੋ ਗਏ ਕਰਨਗੇ ਤਾਂ ਤੁਹਾਨੂੰ ਚੰਗਾ ਲਗੇਗਾ? ਮੈਂ ਤੁਹਾਨੂੰ ਇੱਕ ਸਾਥੀ ਦੀ ਕਹਾਣੀ ਸੁਣਾ ਰਿਹਾ ਹਾਂ: ਬਠਿੰਡੇ ਦੇ ਲਾਗੇ ਪਿੰਡ ਵਿੱਚ ਦੋ ਭਾਈ ਗਰੀਬ ਕਿਸਾਨ ਦੇ ਘਰ ਪੈਦਾ ਹੋਏ। ਮਿਹਨਤ ਮੁਸ਼ੱਕਤ ਨਾਲ ਪੜ੍ਹਾਈ ਕੀਤੀ। ਚੰਗੇ ਅਫਸਰ ਬਣ ਗਏ। ਫਿਰ ਪੜ੍ਹਾਈ ਵਿੱਚ ਗੋਲਡ ਮੈਡਲ ਦੀ ਤਾਕਤ ਤੇ ਉਨ੍ਹਾਂ ਨੂੰ ਇੱਕ ਅਮਰੀਕਾ ਦੀ ਯੂਨੀਵਰਸਿਟੀ ਨੇ ਵਜ਼ੀਫਾ ਦੇ ਦਿੱਤਾ ਅਤੇ ਉਹ ਥੋੜ੍ਹੇ ਸਾਲਾਂ ਵਿਚ ਹੀ ਦੁਨੀਆਂ ਦੇ ਮਸ਼ਹੂਰ ਸਾਇੰਸਦਾਨ ਬਣ ਗਏ ਅਤੇ ਕੁਝ ਸਮਾਂ ਬਾਦ ਉਹ ਛੁੱਟੀ ਲੈ ਕੇ ਆਏ ਅਤੇ ਰਾਤ ਨੂੰ ਪਿੰਡ ਵਿੱਚ ਮੰਜਿਆਂ ਤੇ ਬੈਠੇ ਗੱਲਾਂ ਕਰਨ ਲੱਗ ਪਏ। ਵੱਡਾ ਭਰਾ ਕਹਿੰਦਾ "ਵੀਰਾ ਆਪਣੇ ਘਰ ਤੇ ਪ੍ਰਮਾਤਮਾ ਨੇ ਐਨੀ ਕ੍ਰਿਪਾ ਕਿਉਂ ਕੀਤੀ। ਬਾਕੀ ਦੇ ਚਾਚੇ ਤਾਇਆਂ ਦੇ ਮੁੰਡੇ ਤਾਂ ਪਿੰਡ ਵਿੱਚ ਉਹੀ 2-3 ਕਿਲ੍ਹੇ ਜ਼ਮੀਨ ਤੇ ਨਰਕ ਦੀ ਜ਼ਿੰਦਗੀ ਬਿਤਾ ਰਹੇ ਹਨ।"

ਉਨ੍ਹਾਂ ਦੇ ਪਿਤਾ ਜੀ ਉਨ੍ਹਾਂ ਦੀਆਂ ਗੱਲਾਂ ਸੁਣ ਰਹੇ ਸੀ, ਬੋਲੇ, "ਤੁਹਾਨੂੰ ਪਤਾ ਹੈ ਮੈਂ ਤਾਂ ਅਨਪੜ੍ਹ ਹਾਂ ਸਾਰੀ ਉਮਰ ਪਿੰਡ ਵਿੱਚ ਹੀ ਰਿਹਾ ਹਾਂ। ਤੁਹਾਡੇ ਵਾਂਗੂ ਵੱਡੀਆਂ-ਵੱਡੀਆਂ ਕਿਤਾਬਾਂ ਨਹੀਂ ਪੜ੍ਹੀਆਂ। ਦੇਸ-ਪ੍ਰਦੇਸ ਨਹੀਂ ਗਿਆ। ਪਰ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸਦੇ ਦੋ ਕਾਰਨ ਹਨ, ਪੁੱਤਰੋ! ਪਹਿਲਾ ਤਾਂ ਮੈਂ ਮਿਹਨਤ ਅਤੇ ਇਮਾਨਦਾਰੀ ਦੀ ਰੋਟੀ ਖਾਧੀ ਹੈ। ਸ਼ਰਧਾ-ਪੁੰਨ-ਦਾਨ ਕੀਤਾ ਹੈ ਅਤੇ ਦੂਸਰਾ ਜੋ ਮੈਂ ਸਮਝਦਾ ਜ਼ਿਆਦਾ ਅਹਿਮ ਹੈ: ਮੈਂ ਅਤੇ ਤੁਹਾਡੀ ਮਾਂ ਨੇ ਤੁਹਾਡੇ ਦਾਦੇ ਅਤੇ ਦਾਦੀ ਦੀ ਰੱਜ ਕੇ ਸੇਵਾ ਕੀਤੀ ਹੈ। ਅਸੀਂ ਬਿਨਾਂ ਨਾਗੇ ਦੇ ਜਦੋਂ ਮੌਕਾ ਮਿਲਦਾ ਕੋਲ ਬੈਠਦੇ, ਗੱਲਾਂ ਕਰਦੇ, ਸੇਵਾ ਕਰਦੇ ਅਤੇ ਮੁੱਠੀਆਂ ਭਰਦੇ ਅਤੇ ਕਦੇ-ਕਦੇ ਤਾਂ ਅਸੀਂ ਗੱਲਾਂ ਹੀ ਕਰਦੇ ਰਹਿੰਦੇ, ਜਦੋਂ ਉਹ ਘੁਰਾੜੇ ਮਾਰਨ ਲੱਗ ਜਾਂਦੇ ਵੱਡਿਆਂ ਦੀ ਸੇਵਾ ਆਪਾਂ ਨੂੰ ਤਾਰ ਗਈ। ਤੁਸੀਂ ਤਾਂ ਖੁਸ਼ ਹੋ ਹੀ। ਸਾਡੀ ਉਮਰ ਵੀ ਤੁਹਾਨੂੰ ਦੇਖ ਕੇ ਦਸ-ਦਸ ਸਾਲ ਵੱਧ ਗਈ। ਕਹਿੰਦੇ ਹਨ ਵੱਡਿਆਂ ਦੀ ਸੇਵਾ ਕਰਨਾ 100 ਅਖੰਡ ਪਾਠ ਕਰਵਾਉਣ ਦੀ ਸੇਵਾ ਤੋਂ ਜ਼ਿਆਦਾ ਪੁੰਨ ਦਾਇਕ ਹੁੰਦੀ ਹੈ।"

"ਸਰਦਾਰ ਜੀਓ। ਤੁਹਾਡੇ ਆਉਣ ਦੀ ਬਹੁਤ ਮਿਹਰਬਾਨੀ। ਤੁਸੀਂ ਸਾਡੇ ਵਾਸਤੇ ਹੀ ਆਏ ਹੋ। ਮੈਂ ਵੀ ਇਸੇ ਘਰ ਵਿੱਚ ਰਹਿੰਦੀ ਹਾਂ। ਰੋਜ਼ ਸਵੇਰੇ 4 ਵਜੇ ਉਠਦੀ ਹਾਂ। ਨਹਾ ਧੋ ਕੇ ਧੋਤੇ ਕੱਪੜੇ ਪਾ ਕੇ ਗੁਰਦੁਆਰੇ ਜਾਂਦੀ ਹਾਂ। ਸੈਰ ਕਰਦੀ ਹਾਂ। ਪੋਤਰੇ-ਪੋਤਰੀਆਂ ਦੀ ਪ੍ਰਵਰਸ਼ ਵਿੱਚ ਹੱਥ ਵਟਾਉਂਦੀ ਹਾਂ। ਨੂੰਹ ਰਾਣੀਆਂ ਦੀਆਂ ਦੁਨਿਆਵੀ ਜ਼ਿੰਦਗੀ ਦੀਆਂ ਦਿੱਕਤਾਂ ਨੂੰ ਸੁਲਝਾਉਣ ਵਾਸਤੇ ਮੱਦਦ ਕਰਦੀ ਹਾਂ। ਮੈਨੂੰ ਤਾਂ ਕਿਸੇ ਨੇ ਰੋਟੀ ਤੋਂ ਨਹੀਂ ਰੋਕਿਆ। ਮੇਰੀ ਤਾਂ ਇਸ ਘਰ ਵਿੱਚ ਪੂਰੀ ਇੱਜ਼ਤ ਹੈ। ਸਾਰੇ ਮੈਨੂੰ ਬੇਹੱਦ ਪਿਆਰ ਅਤੇ ਸਤਿਕਾਰ ਕਰਦੇ ਹਨ। ਹੁਣ ਇਹ ਸਰਦਾਰ ਜੀ ਦੇ ਬਾਰੇ ਸੁਣੋ। ਦਸ ਵਜਣ ਤੋਂ ਪਹਿਲਾਂ ਉਠਦੇ ਨਹੀਂ। ਤਿੰਨ ਤਿੰਨ ਦਿਨ ਨਹਾਉਂਦੇ ਨਹੀਂ। ਕੱਪੜੇ ਬਦਲਿਆਂ ਨੂੰ ਤਾਂ ਕਦੇ-ਕਦੇ ਹਫਤੇ ਹੀ ਨਿਕਲ ਜਾਂਦੇ ਹਨ। ਸਾਰਾ ਸਾਰਾ ਦਿਨ ਸੂਰਾਂ ਵਾਂਗੂ ਬਿਸਤਰ ਤੇ ਪਏ ਰਹਿੰਦੇ ਹਨ। ਜੇ ਇਨ੍ਹਾਂ ਨੂੰ ਕੋਈ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅੱਗੋਂ ਵੱਢ ਖਾਣੇ ਕੁੱਤੇ ਵਾਂਗੂੰ ਪੈਂਦੇ ਹਨ। ਜ਼ਰਾ ਇਨ੍ਹਾਂ ਦੇ ਕਮਰੇ ਵਿੱਚ ਜਾ ਕੇ ਦੇਖੋ-ਮੁਸ਼ਕ ਮਾਰਦਾ। ਇਸ ਨੂੰ ਠੀਕ ਕਰਨ ਵਾਸਤੇ ਮੈਂ ਹੀ ਇਸ ਦਾ ਰੋਟੀ ਪਾਣੀ ਬੰਦ ਕੀਤਾ। ਦੱਸੋ ਚੰਗਾ ਕੀਤਾ ਈ ਨਾ। ਪਰ ਇਹ ਨਹੀਂ ਸੁਧਰਿਆ। ਮੈਂ ਹੀ ਸੀ ਜਿਸ ਨੇ ਇਸ ਦੇ ਨਾਲ ਐਨੇ ਸਾਲ ਕੱਟ ਲਏ।"

"ਸਰਦਾਰ ਜੀ ਤੁਸੀਂ ਚੰਗੀ ਕਿਸਮਤ ਵਾਲੇ ਹੋ। ਤੁਹਾਨੂੰ ਐਨੀ ਸੋਹਣੀ ਅਤੇ ਸਿਆਣੀ ਘਰਵਾਲੀ ਮਿਲੀ ਹੈ। ਬਾਹਰ ਬੋਰਡ ਪੜ੍ਹਨ ਤੇ ਪਤਾ ਚੱਲਿਆ ਕਿ ਤੁਹਾਡੇ ਬੱਚੇ ਵੀ ਚੰਗੇ ਅਫਸਰ ਹਨ। ਪ੍ਰਮਾਤਮਾ ਦਾ ਤੁਹਾਨੂੰ ਸ਼ੁਕਰ-ਗੁਜਾਰ ਹੋਣਾ ਚਾਹੀਦਾ ਹੈ। ਆਪਣੇ ਆਪ ਨੂੰ ਸੰਭਾਲੋ। ਰੋਜ਼ ਸਵੇਰੇ ਸ਼ਾਮ ਸੈਰ ਕਰਿਆ ਕਰੋ। ਘਰ ਦੀਆਂ ਸਮੱਸਿਆਵਾਂ ਵਿੱਚ ਸਾਂਝੀ ਬਣੋ। ਆਂਢੀਆਂ-ਗੁਆਂਢੀਆਂ ਦੇ ਕੰਮ ਆਓ। ਕਿਸੇ ਧਾਰਮਿਕ ਗਰੀਬਾਂ ਦੀ ਭਲਾਈ ਦੀਆਂ ਸੰਸਥਾਵਾਂ ਨਾਲ ਜੁੜ ਕੇ ਸੇਵਾ ਦਾ ਆਨੰਦ ਲਓ। ਬਲੱਡ ਬੈਂਕ ਵਿੱਚ ਹਿੱਸਾ ਲਓ। ਇਹ ਬਹੁਤ ਹੀ ਨੇਕ ਕੰਮ ਹੈ। ਸਿਵਲ ਵਾਰਡਨ ਦੀ ਟਰੇਨਿੰਗ ਲਓ। ਆਪਣੇ ਆਪ ਨੂੰ ਨਕਾਰਾ ਕਿਉਂ ਸਮਝਦੇ ਹੋ।"

"ਠੀਕ ਮੈਂ ਹੀ ਗਧਾ ਹਾਂ। ਤੁਸੀਂ ਸਾਰੇ ਮੈਨੂੰ ਲੈਕਚਰ ਦੇਈ ਜਾਓ।" ਸਰਦਾਰ ਜੀ ਗੁੱਸੇ ਨਾਲ ਬੋਲਦੇ ਘਰ ਤੋਂ ਬਾਹਰ ਜਾ ਚੁੱਕੇ ਸੀ। ਅਸੀਂ ਵੀ ਹੋਰ ਕੁਝ ਨਾ ਕਹਿ ਸਕੇ ਅਤੇ ਵਾਪਸ ਘਰ ਪਰਤ ਆਏ।

ਰੋਜ਼ ਦੀ ਤਰ੍ਹਾਂ ਦੂਸਰੀ ਸਵੇਰ ਅਸੀਂ ਸੈਰ ਕਰਦੇ ਸਰਦਾਰ ਜੀ ਨੂੰ ਦੁੱਧ ਚਿੱਟੇ ਧੋਤੇ ਤੇ ਪ੍ਰੈੱਸ ਕੀਤੇ ਕਪੱੜਿਆਂ ਵਿੱਚ ਦੇਖ ਕੇ ਹੈਰਾਨ ਹੋ ਗਏ। ਉਸ ਦੇ ਚਿਹਰੇ ਤੇ ਅਜੀਬ ਮੁਸਕਾਨ ਸੀ ਅਤੇ ਉਹ ਨੀਵੀਂ ਪਾਈ ਸ਼ੁਕਰ-ਗੁਜ਼ਾਰੀ ਵਿੱਚ ਪਿਆਰ ਨਾਲ ਬੋਲ ਰਿਹਾ ਸੀ।

"ਸਤਿ ਸ੍ਰੀ ਅਕਾਲ ਬਾਈ ਜੀ।" ਤਹਾਡੀਆਂ ਨੇਕ ਗਲਾਂ ਮੈਂ ਘਰ ਜਾ ਕੇ ਸੋਚੀਆਂ। ਤੁਹਾਡੀ ਮਿਹਰਬਾਨੀ ਤੁਸੀਂ ਤਾਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਅਤੇ ਮੈਨੂੰ ਸਹੀ ਰਸਤਾ ਦਿਖਾਇਆ। ਮੈਂ ਹਮੇਸ਼ਾਂ ਵਾਸਤੇ ਤੁਹਾਡਾ ਰਿਣੀ ਅਤੇ ਧੰਨਵਾਦੀ ਹਾਂ ਅਤੇ ਪ੍ਰਣ ਕਰਦਾ ਹਾਂ ਕਿ ਠੀਕ ਰਸਤੇ ਚੱਲਣ ਵਾਸਤੇ ਮੈਂ ਆਪਣੀ ਪੂਰੀ ਕੋਸ਼ਿਸ਼ ਕਰਾਂਗਾ।

# Finance Committee Meeting





# Working Committee Meeting













## ਬੀਬੀ ਗੁਲਸ਼ਨ ਕੌਰ ਅਤੇ ਭਾਈ ਤਜਿੰਦਰ ਸਿੰਘ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਚੰਡੀਗੜ੍ਹ ਵਿਖੇ 18-7-2015 ਨੂੰ ਕੀਰਤਨ ਕਰਦੇ ਹੋਏ









ਬੀਬੀ ਗੁਲਸ਼ਨ ਕੌਰ ਅਤੇ ਭਾਈ ਤਜਿੰਦਰ ਸਿੰਘ ਨੂੰ ਸਨਮਾਨਤ ਕਰਦੇ ਹੋਏ ਪ੍ਰਧਾਨ ਸਾਹਿਬ ਅਤੇ ਮੈਂਬਰ ਸਾਹਿਬਾਨ



ਬੀਬੀ ਗੁਲਸ਼ਨ ਕੌਰ ਅਤੇ ਭਾਈ ਤਜਿੰਦਰ ਸਿੰਘ ਨਾਲ ਯਾਦਗਾਰੀ ਫੋਟੋ ਕਰਵਾਉਂਦੇ ਹੋਏ ਪ੍ਰਧਾਨ ਸਾਹਿਬ ਅਤੇ ਮੈਂਬਰ ਸਾਹਿਬਾਨ



# ਬੀਬੀ ਗੁਲਸ਼ਨ ਕੌਰ ਅਤੇ ਭਾਈ ਤਜਿੰਦਰ ਸਿੰਘ ਗੁਰਦੁਆਰਾ ਨਾਢਾ ਸਾਹਿਬ ਪੰਚਕੂਲਾ ਵਿਖੇ ਕੀਰਤਨ ਕਰਦੇ ਹੋਏ







# ਸ਼ੋਕ ਸਮਾਚਾਰ



ਬੜੇ ਦੁੱਖ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀਮਤੀ ਦੁਰਗਾ ਦੇਵੀ (ਰਿਟਾ.) ਲੇਡੀ ਸਰਕਲ ਸੁਪਰਵਾਈਜ਼ਰ, ਪਤਨੀ ਸ. ਹਰਸੰਤ ਸਿੰਘ ਲੈਕਚਰਾਰ (ਰਿਟਾ.) ਟਾਂਡਾ ਜ਼ਿਲ੍ਹਾ ਹੁਸ਼ਿਆਰਪੁਰ ਬੜੇ ਲੰਮੇ ਸਮੇਂ ਤੋਂ ਬਿਮਾਰ ਚਲੇ ਆ ਰਹੇ ਸਨ ਅਤੇ ਆਪਣੀ 73 ਸਾਲ ਦੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਮਿਤੀ 23-7-15 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ।

ਮਾਤਾ ਜੀ ਆਪ 35 ਸਾਲਾਂ ਦਾ ਲੰਮਾ ਸਮਾਂ ਪੇਂਡੂ ਵਿਕਾਸ ਦੇ ਮਹਿਕਮੇ ਨਾਲ ਜੁੜੇ ਰਹੇ ਅਤੇ ਅਣਥੱਕ ਸੇਵਾ ਕੀਤੀ। ਆਪ ਜੀ ਨੇ ਇਕ ਸਪੁੱਤਰ ਅਤੇ ਦੋ ਸਪੁੱਤਰੀਆਂ ਨੂੰ ਜਨਮ ਦਿੱਤਾ। ਆਪ ਦੀ ਵੱਡੀ ਬੇਟੀ ਡਾ. ਪਰਵਿੰਦਰ ਕੌਰ ਪਤਨੀ ਡਾ. ਹਰਮਹਿੰਦਰ ਸਿੰਘ, ਇੰਜ. ਸ. ਹਰਭਜਨ ਸਿੰਘ ਐਕਸ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ) ਜੀ ਦੀ ਨੂੰਹ ਹੈ, ਬੇਟਾ ਸ. ਪਰਵਿੰਦਰ ਸਿੰਘ ਬੀ.ਐਸ.ਐਫ. ਵਿਚ (ਡਿਪਟੀ ਕਮਾਂਡੈਂਟ) ਹੈ ਅਤੇ ਛੋਟੀ ਬੇਟੀ ਅਧਿਆਪਕਾ ਹੈ। ਮਾਤਾ ਜੀ ਬੜੇ ਸ਼ਾਂਤ ਸੁਭਾਅ ਵਾਲੇ, ਸੁਲਝੇ ਹੋਏ ਅਤੇ ਰੱਬ ਦਾ ਭਾਣਾ ਮੰਨਣ ਵਾਲੇ ਸਨ।

ਪਰਿਵਾਰ ਵੱਲੋਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਮਿਤੀ 31-7-15 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਪਾਉਣ ਉਪਰੰਤ ਗੁਰਦੁਆਰਾ ਸਿੰਘ ਸਭਾ ਸੰਤ ਬਾਬਾ ਪ੍ਰੇਮ ਸਿੰਘ ਕਲੋਨੀ ਟਾਂਡਾ ਵਿਖੇ ਕੀਰਤਨ ਉਪਰੰਤ ਅਰਦਾਸ ਕੀਤੀ ਗਈ। ਉਨ੍ਹਾਂ ਦੀ ਅੰਤਿਮ ਅਰਦਾਸ ਵਿਚ ਸ. ਸੰਗਤ ਸਿੰਘ ਗਿਲਜੀਆ ਐਮ.ਐਲ.ਏ.. ਹਲਕਾ ਟਾਂਡਾ, ਸ. ਹਰਭਜਨ ਸਿੰਘ Dy C.E. (Retd.) , ਸ. ਗੁਰਪ੍ਰੀਤ ਸਿੰਘ ਪੀ.ਸੀ.ਐਸ. (ਰਿਟਾ.), ਸ. ਦਲਬੀਰ ਸਿੰਘ ਮੁਲਤਾਨੀ ਏ.ਡੀ.ਸੀ. (ਰਿਟਾ.), ਸ. ਹਰਬੀਰ ਸਿੰਘ S.E. P.P.C.B., ਸ. ਇੰਦਰਪਾਲ ਸਿੰਘ XEN PSPC Ltd. Jal., ਡਾ. ਵਿਨੈ ਮੋਹਨ ਜੁਆਇੰਟ ਡਾਇਰੈਕਟਰ RDDL Jal., ਡਾ. ਜੇ.ਕੇ. ਚੋਪੜਾ ਡਿਪਟੀ ਡਾਇਰੈਕਟਰ, ਡਾ. ਅਮਰਜੀਤ ਸਿੰਘ ਮੁਲਤਾਨੀ ਡਿਪਟੀ ਡਾਇਰੈਕਟਰ ਨਵਾਂ ਸ਼ਹਿਰ, ਡਾ. ਇਕਬਾਲ ਸਿੰਘ ਐਸ.ਈ.ਉ., ਡਾ. ਸੁਖਨੈਨ ਸਿੰਘ, ਡਾ. ਐਚ.ਐਸ. ਕਾਹਲੋਂ, ਡਾ. ਸਤਬੀਰ ਸਿੰਘ ਬਾਜਵਾ, ਐਸ.ਵੀ.ਉ., ਡਾ. ਅਮਰ ਇਕਬਾਲ ਸਿੰਘ, ਇੰਜ. ਸ. ਹਰਸੱਜਣ ਸਿੰਘ S.E. BXR (Retd.) ਅਤੇ ਇਨ੍ਹਾਂ ਤੋਂ ਇਲਾਵਾ ਬਹੁਤ ਸਾਰੇ ਵੈਟਨਰੀ ਅਫ਼ਸਰ ਸ਼ਾਮਿਲ ਹੋਏ।

ਉਨ੍ਹਾਂ ਦੇ ਪਰਿਵਾਰ ਵੱਲੋਂ 2100/- ਰੁਪਏ ਦਾਨ ਵਜੋਂ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ ਨੂੰ ਭੇਟ ਕੀਤੇ ਗਏ। ਫਾਊਂਡੇਸ਼ਨ ਪਰਿਵਾਰ ਦੀ ਧੰਨਵਾਦੀ ਹੈ ਅਤੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਕਰਦੀ ਹੈ।

**ਡਾ. ਹਰਮਹਿੰਦਰ ਸਿੰਘ**

# ਸ਼ੋਕ ਸਮਾਚਾਰ



ਬੜੇ ਦੁੱਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਸਤਿੰਦਰਜੀਤ ਸਿੰਘ ਪਾਲੀਆ ਸਪੁੱਤਰ ਸ. ਗੁਰਚਰਨ ਸਿੰਘ ਪਾਲੀਆ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ 17-07-2015 ਨੂੰ ਦਿਲ ਦਾ ਦੌਰਾ ਪੈਣ ਕਰਕੇ ਅਕਾਲ ਚਲਾਨਾ ਕਰ ਗਏ ਹਨ। ਪਾਲੀਆ ਪਰਿਵਾਰ ਦਾ ਪਿਛੋਕੜ ਪਹਿਲਾ ਪਾਕਿਸਤਾਨ ਵਿਚ ਪਿੰਡ-ਰਾਜਾ, ਜ਼ਿਲ੍ਹਾ-ਸਿਆਲਕੋਟ ਹੈ ਅਤੇ ਬਾਅਦ ਵਿਚ ਪਿੰਡ-ਕਾਹਨੂੰਵਾਨ, ਜ਼ਿਲ੍ਹਾ-ਗੁਰਦਾਸਪੁਰ ਵਿਚ ਆ ਕੇ ਆਪ ਪਰਿਵਾਰ ਸਹਿਤ ਵਸ ਗਏ। ਸ. ਗੁਰਚਰਨ ਸਿੰਘ ਪਾਲੀਆ ਪਰਿਵਾਰ ਨੂੰ ਪਰਮਾਤਮਾ ਨੇ ਤਿੰਨ ਬੇਟੇ ਅਤੇ ਦੋ ਬੇਟੀਆਂ ਨਾਲ ਨਿਵਾਜਿਆ। ਸ. ਸਤਿੰਦਰਜੀਤ ਸਿੰਘ ਪਾਲੀਆ ਜੀ ਨੇ ਹਿਸਾਬ (Math) ਦੇ ਅਧਿਆਪਕ ਵਜੋਂ ਪੰਜਾਬ ਸਰਕਾਰ ਸਿੱਖਿਆ ਵਿਭਾਗ ਵਿਚ ਬਹੁਤ ਆਦਰ ਸਹਿਤ ਨੌਕਰੀ ਕੀਤੀ। ਉਨ੍ਹਾਂ ਦਾ ਹਿਸਾਬ ਦੇ ਵਿਸ਼ੇ ਤੇ ਪੜ੍ਹਾਉਣਾ ਇਕ ਮਿਸਾਲ ਸੀ ਜਿਸ ਕਰਕੇ ਉਨ੍ਹਾਂ ਦਾ ਸਿੱਖਿਆ ਵਿਭਾਗ ਵਿਚ ਆਪਣਾ ਹੀ ਨਾਮ ਹੈ। ਵੱਡੇ ਲੜਕੇ ਸ. ਪਰਮਿੰਦਰਜੀਤ ਸਿੰਘ ਪਾਲੀਆ ਕਰਨਲ ਦੇ ਅਹੁਦੇ ਤੋਂ ਰਿਟਾਰਿਡ ਹੋਏ ਅਤੇ ਚੰਡੀਗੜ੍ਹ ਵਿਚ ਹੀ ਰਹਿ ਰਹੇ ਹਨ ਅਤੇ ਦੂਜੇ ਲੜਕੇ ਅਨੂਪਜੀਤ ਸਿੰਘ ਪਾਲੀਆ ਕੈਨੇਡਾ ਵਿਚ ਆਦਰ ਸਹਿਤ ਰਹਿ ਰਹੇ ਹਨ। ਸ. ਗੁਰਚਰਨ ਸਿੰਘ ਪਾਲੀਆ ਜੋ ਕਿ ਫਾਊਂਡੇਸ਼ਨ ਦੇ ਮੁੱਢਲੇ ਮੈਂਬਰਾਂ ਵਿਚੋਂ ਹਨ ਅਤੇ ਪਿਛਲੇ 25 ਸਾਲਾਂ ਤੋਂ ਇਸ ਸੰਸਥਾ ਨਾਲ ਜੁੜੇ ਹੋਏ ਹਨ ਅਤੇ ਬਾਖ਼ੂਬੀ ਸੇਵਾ ਨਿਭਾ ਰਹੇ ਹਨ। ਪਰਮਾਤਮਾ ਜੀ ਦੀ ਬਖਸ਼ਿਸ਼ ਹੈ ਕਿ ਸ. ਸਤਿੰਦਰਜੀਤ ਸਿੰਘ ਪਾਲੀਆ ਦੇ ਦੋ ਬੇਟੇ ਹਨ। ਵੱਡਾ ਬੇਟਾ ਬੀ.ਈ. (Tech.) ਕਰਕੇ ਕੈਨੇਡਾ ਵਿਚ ਨੌਕਰੀ ਕਰ ਰਿਹਾ ਹੈ ਅਤੇ ਦੂਜਾ ਬੇਟਾ ਮਰਚੈਂਟ ਨੇਵੀ ਵਿਚ ਇੰਜੀਨੀਅਰ ਦੇ ਤੌਰ ਤੇ ਅਫਸਰ ਨਿਯੁਕਤ ਹੋ ਚੁੱਕਾ ਹੈ। ਸੁਪਤਨੀ ਬੀਬੀ ਭੁਪਿੰਦਰ ਕੌਰ ਪਾਲੀਆ ਸਿੱਖਿਆ ਵਿਭਾਗ ਯੂ.ਟੀ., ਚੰਡੀਗੜ੍ਹ ਵਿਚ ਇਕ ਸਕੂਲ ਅਧਿਆਪਕ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ।

ਪਾਲੀਆ ਪਰਿਵਾਰ ਵਲੋਂ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ 26-07-2015 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਨ੍ਹਾਂ ਦੇ ਗ੍ਰਹਿ ਵਿਖੇ ਕੋਠੀ ਨੰ.-763, ਸੈਕਟਰ-40-ਏ, ਚੰਡੀਗੜ੍ਹ ਪਾਉਣ ਉਪਰੰਤ ਗੁਰਦੁਆਰਾ ਸ੍ਰੀ ਗੁਰੂ ਅਰਜਨ ਦੇਵ ਜੀ ਸੈਕਟਰ-40-ਏ, ਚੰਡੀਗੜ੍ਹ ਵਿਖੇ ਕੀਰਤਨ ਅਤੇ ਅੰਤਿਮ ਅਰਦਾਸ ਕੀਤੀ ਗਈ। ਇਸ ਮੌਕੇ ਤੇ ਬਹੁਤ ਸਾਰੀਆਂ ਰਾਜਨੀਤੀ ਸਖਸ਼ੀਅਤਾਂ ਅਤੇ ਸਿੱਖਿਆ ਵਿਭਾਗ ਦੇ ਉੱਚ ਪੱਧਰ ਦੇ ਅਫਸਰਾਂ ਨੇ ਸ਼ਿਰਕਤ ਕਰਕੇ ਵਿਛੜੀ ਹੋਈ ਆਤਮਾ ਨੂੰ ਸ਼ਰਧਾਂਜਲੀ ਅਰਪਨ ਕੀਤੀ। ਸ. ਗੁਰਚਰਨ ਸਿੰਘ, ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਜੋ ਕਿ ਆਪਣੀ ਮੈਨੇਜਮੈਂਟ ਸਹਿਤ ਹਾਜ਼ਰ ਸਨ, ਨੇ ਵਿਛੜੀ ਹੋਈ ਆਤਮਾ ਨੂੰ ਸ਼ਰਧਾਂਜ਼ਲੀ ਦਿੱਤੀ ਅਤੇ ਸਾਰੇ ਲੁਬਾਣਾ ਫਾਊਂਡੇਸ਼ਨ ਅਦਾਰੇ ਵਲੋਂ ਵਿਛੜੀ ਹੋਈ ਆਤਮਾ ਨੂੰ ਗੁਰੂ ਚਰਨਾਂ ਵਿਚ ਨਿਵਾਸ ਲਈ, ਪਰਿਵਾਰ ਵਿਚ ਸੁੱਖ ਸਾਂਤੀ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ।

**(ਹਰਬੰਸ ਸਿੰਘ)**

**ਜਨਰਲ ਸੱਕਤਰ**



# ਕਾਵਿ-ਕਿਆਰੀ





## ਸੰਕਲਪ-ਵਿਕਲਪ

ਐ ਮੇਰੇ ਈਸ਼ਵਰ ਜਗਦੀਸ਼ਵਰ, ਅਲਾਹ-ਹੂ ਤੇ ਵਾਹਿਗੁਰੂ।
ਇਸ ਪਵਿਤ੍ਰ ਤੇ ਵਚਿਤ੍ਰ, ਸ਼ਬਦਾਵਲੀ ਅਰਥਾਵਲੀ ਨੂੰ,
ਵਜਦ ਵਿਚ ਆ ਕੇ ਗਾਏ ਬਿਨਾਂ, ਹਿਰਦੇ 'ਚ ਵਸਾਏ ਬਿਨਾਂ,
ਹਵਾਈ ਮੰਥਨ ਕਰਕੇ ਕੋਈ ਕੀ ਕਰੂ, ਹੇ ਵਾਹਿਗੁਰੂ।

ਇਹ ਤਾਂ ਹਲਤ ਪਲਤ ਦੇ, ਸੂਖਮ ਸੰਕਲਪ ਹਨ,
ਇਨ੍ਹਾਂ ਵਿਚ ਤੁਰਦੇ-ਫਿਰਦੇ, ਕਈ ਮਨਫ਼ੀ ਵਿਕਲਪ ਹਨ।
ਕੋਈ ਵੀ ਧਰਮਾਵਲੰਬੀ, ਢੌਂਗੀ ਜਾਂ ਕੋਈ ਵੀ ਦੰਭੀ,
ਪਿਆਜ ਵਰਗੀ ਸਖਣੀ, ਪਰਤ ਦਰ ਪਰਤ ਲਈ,
ਤਰਕ ਵਿਹੂਣਾ ਝਗੜਾ ਝੇੜਾ ਜਾਂ ਬਖੇੜਾ ਕਿਉਂ ਕਰੇ, ਐ ਵਾਹਿਗੁਰੂ।
ਜੇ ਮਨਫੀ ਵਿਕਲਪ ਦਾ ਭੇਦ ਖੁਲ੍ਹ ਜਾਏਗਾ,
ਸਮਕਾਲ ਦਾ ਇਕ ਬਹੁਤ ਵੱਡਾ, ਵਰਗ ਰੁਲ ਜਾਏਗਾ।

ਉਸ ਅਰਸ਼ੀ ਦੂਰਦਰਸ਼ੀ ਕੋਲ, ਪਰੰਪਰਾਈ ਅੱਖਾਂ ਤੋਂ ਵੱਖ,
ਇਕ ਪਾਰਦਰਸ਼ੀ ਤੀਸਰੀ ਮੱਥੇ ਦੀ ਵੀ, ਲੱਖਾਂ ਵਰਗੀ ਅੱਖ ਹੈ।
ਇਨ੍ਹਾਂ ਇਸ਼ਟੀ-ਗਵੇਸ਼ਣਾਂ ਵਿਚ, ਪ੍ਰਸਤਾਵਿਤ ਵਿਸ਼ੇਸ਼ਣਾਂ ਵਿਚ,
ਇੱਕੋ ਇਲਾਹੀ ਨੂਰ ਹੈ, ਜਿਸ ਦਾ ਇਹ ਸੱਭ ਜ਼ਹੂਰ ਹੈ, ਮੇਰੇ ਵਾਹਿਗੁਰੂ।
ਉਹ ਭਲੀਭਾਂਤ ਜਾਣਦਾ ਹੈ, ਬੁੱਧੀਮੱਤਾ ਸੱਤਾ ਵਿਚ,
ਕੌਣ ਕਿਸ ਦੇ ਹਾਣ ਦਾ ਹੈ।
ਕੌਣ ਕਿੰਨਾ ਹੱਕ ਦੇ ਨੇੜੇ ਹੈ, ਕੌਣ ਕਿੰਨੀ ਦੂਰ ਹੈ।

ਪੌਣ ਪਾਣੀ ਧਰਤ ਦੀ ਮਹੱਤ ਨਾਲ, ਕੀਤੀ ਗਈ ਦੁਰਗੱਤ ਨਾਲ,
ਮਾਨਸ-ਜਨ ਨੂੰ ਆਗਾਹ ਕਰਨ ਲਈ, ਹਰਜ਼ਾਨਾ ਜ਼ੁਰਮਾਨਾ ਭਰਨ ਲਈ,
ਮੂਕਭਾਸ਼ਾ ਵੇਦਨਾ ਸੰਵੇਦਨਾ ਦੁਆਰਾ,
ਮੀਂਹ ਝੱਖੜ ਕਾਲ ਭੁਚਾਲ ਹੜ੍ਹਾਂ ਦੀ ਤਬਾਹੀ ਵਰਗਾ,
ਕੁਦਰਤੀ ਕਰੋਪੀਆਂ ਦਾ ਕਰ ਕੇ, ਤ੍ਰਾਸਦਿਕ ਇਸ਼ਾਰਾ,
ਥੋੜ੍ਹੇ ਵਿਚ ਹੀ ਬਹੁਤ ਕੁਝ, ਉਹ ਕਹਿ ਦਿੰਦਾ ਹੈ,
ਮਾਂ ਦੀ ਮਾਂ ਰਹੀ ਇਕ ਪਾਸੇ, ਪੜਨਾਨੀ ਵੀ ਚੇਤੇ ਕਰਾ ਦਿੰਦਾ ਹੈ।

'ਹੁੰਦ ਨੇੜੇ ਕਿ ਖੁਦਾ' ਵਰਗੀ ਮਕਬੂਲ ਕਹਾਵਤ ਦਾ।
ਇਹ ਕੰਮਬਖ਼ਤ ਬਦਬਖ਼ਤ ਖੋਜੀ ਤੇ ਚੋਜੀ ਬੰਦਾ।
ਉਸ ਗੁੰਝਲਦਾਰ ਬੁਝਾਰਤ ਸਣੇ, ਸੱਭ ਜਾਣਦੈ, ਉਸ ਦਾ ਗੋਰਖ ਧੰਦਾ।
ਅਰਚਾ ਪੂਜਾ ਅਰਾਧਨਾ ਸਾਧਨਾ, ਵਰਗੀਆਂ ਖੁਸ਼ਨੂਦੀਆ ਅਸਲੂਬੀਆਂ ਦਾ,
ਮਨਫ਼ੀ ਸੰਕਲਪ ਦੀ ਸ਼ਤਰੰਜ ਵਿਛਾ ਕੇ ਉਸ ਨੂੰ ਆਹਰੇ ਲਾ ਲੈਂਦਾ ਹੈ।
'ਕਰਾਂ ਨਾ ਕਰਾਂ, ਕੀ ਕਰਾਂ' ਵਿਸੰਗਤੀਆਂ ਦਾ ਮੋਹਰਾ ਬਣਾ ਲੈਂਦਾ ਹੈ।

ਫਿਰੇ ਵੇਲੇ ਕੁਵੇਲੇ, ਇਹ ਜੱਗ ਜੰਕਸ਼ਨ ਛੱਡਣ ਵੇਲੇ,
ਹਯਾਤੀ ਭਰ ਦੀਆਂ ਕਰਤੂਤਾਂ, ਹੱਥੀਂ ਲਿਖੇ ਕਾਲੇ ਲੇਖਾਂ ਲਈ,
ਕੇਵਲ ਤਲਾਫ਼ੀ ਜਾਂ ਮੁਆਫ਼ੀਨਾਮਾ ਹੀ ਨਹੀਂ,
ਸਗੋਂ ਭੀੜੀਆਂ ਸੁਣੀਦੀਆਂ ਗਲੀਆਂ ਵਿਚੋਂ ਸੰਗਨ ਦੀ ਥਾਂ,
ਮਾਰ ਖੰਗੂਰਾ ਲੰਘਣ ਲਈ,
ਸੁਖਨ ਸੁਨਹਿਰੀ ਜੜਿਆ ਮੜਿਆ, ਅਜ ਤਕ ਜੋ ਕਿਸੇ ਨਾ ਖੜਿਆ,
ਖ਼ੂਬਸੂਰਤ ਸੀਰਤ ਦਰਸਾਉਂਦਾ, ਇਕ ਸਨਮਾਨ ਪਛਾਣ ਪੱਤਰ।
ਭਾਈਆਂ ਪੰਡਤਾਂ ਮੁੱਲਾਂ ਤੇ ਪਾਦਰੀਆਂ ਤੋਂ,
ਸੂਖਮ ਸੰਕਲਪ ਦੀਆਂ ਪ੍ਰਤੀਨਿਧ ਬਰਾਦਰੀਆਂ ਤੋਂ,
ਗਵਾਹੀਆਂ ਪੁਆ ਤਸਦੀਕ ਕਰਵਾ ਕੇ,
ਹਜ਼ਾਰਾਂ ਹੀ ਪ੍ਰਸੰਸ਼ਕਾਂ ਕੋਲੋਂ ਨਿੱਘੀ ਅਲਵਿਦਾ ਲੈਂਦਾ ਹੈ।
'ਇਹ ਜੱਗ ਮਿੱਠਾ, ਅਗਲਾ ਕਿੰਨ ਡਿੱਠਾ' ਦੀ ਹਕੀਕਤ ਤਰੀਕਤ ਵੀ
ਆਪਣੇ ਨਾਂ ਦਰਜ ਕਰਾ ਲੈਂਦਾ ਹੈ।
ਇਸ ਸਮਕਾਲ 'ਚ ਮਨਫ਼ੀ ਵਿਕਲਪ, ਸੂਖਮ ਸੰਕਲਪ ਨੂੰ
ਨੀਰੇ-ਕਾਰਵਾਂ ਬਣ ਕੇ, ਆਪਣੇ ਪਿੱਛੇ ਲਾ ਲੈਂਦਾ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂ ਰੁੱਲ ਜਾਵੋਗੇ**

ਸਿਹਤ ਸੰਭਾਲ

# ਖਾਈਏ ਫਲ ਤਾਂ ਮਿਲਦੈ ਬੱਲ

ਦਲਜੀਤ ਸਿੰਘ (ਡਾ.)

ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ An Apple a day, keep the doctor away ਸਿਰਫ ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ।



ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜ੍ਹੇ-ਤੇੜ੍ਹੇ ਦੇ ਇਲਾਕੇ ਜਾਂ ਆਪਣੀ ਗੁਆਂਡੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੌਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜ੍ਹੇ-ਤੇੜ੍ਹੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ।

ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਇੰਨ੍ਹੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ। ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੋਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

# GRANT OF MERIT-CUM MEANS SCHOLARSHIP SCHEME 2015-2016

ਲੁਬਾਣਾ ਸੇਵਕ ਦੇ ਪਾਠਕਾਂ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਵੱਲੋਂ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ (ਮੈਰੀਟੋਰੀਅਸ) ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੀ ਸਹੂਲਤ ਦਿੱਤੀ ਜਾਂਦੀ ਹੈ। ਹੋਣਹਾਰ ਤੇ ਗਰੀਬ ਵਿਦਿਆਰਥੀਆਂ ਨੂੰ ਫਾਊਂਡੇਸ਼ਨ ਵੱਲੋਂ ਬਹੁਤ ਵੱਡੀ ਸਹੂਲਤ ਪ੍ਰਦਾਨ ਕੀਤੀ ਜਾਂਦੀ ਹੈ। ਸਾਲ 2014-15 ਵਿਚ ਭਿੰਨ-ਭਿੰਨ ਸ਼ੇਣੀਆਂ ਦੇ ਵਿਦਿਆਰਥੀਆਂ ਤੋਂ ਫਾਰਮ ਪ੍ਰਾਪਤ ਹੋਏ ਅਤੇ ਇਹਨਾਂ ਫਾਰਮਾਂ ਦੇ ਅਧਾਰ ਤੇ ਵਿਦਿਆਰਥੀਆਂ ਨੂੰ 5 ਲੱਖ ਰੁਪਏ ਦੇ ਵਜ਼ੀਫੇ ਵੰਡ ਦਿੱਤੇ ਗਏ।

ਸਾਲ 2015-16 ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਵੱਲੋਂ ਮੈਰਿਟ-ਕਮ-ਮੀਨਜ਼ ਸਕਾਲਰਸ਼ਿਪ ਸਕੀਮ ਹੇਠਾਂ ਚੰਗੇ ਹੋਣਹਾਰ ਬੱਚਿਆਂ ਨੂੰ ਮੈਰੀਟੋਰੀਅਸ ਤੇ ਘੱਟ ਆਮਦਨ ਵਾਲੇ ਬੱਚਿਆਂ ਨੂੰ ਵਜ਼ੀਫੇ ਦੇਣ ਲਈ ਫਾਰਮ ਮੰਗੇ ਜਾ ਰਹੇ ਹਨ। ਵਿਦਿਆਰਥੀ ਵਜ਼ੀਫੇ ਲਈ ਫਾਰਮ ਭਰ ਕੇ 30 ਸਤੰਬਰ 2015 ਤੱਕ ਜਨਰਲ ਸਕੱਤਰ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ ਨੂੰ ਭੇਜ ਦੇਣ। ਇਸ ਸਕੀਮ ਹੇਠਾਂ ਦਿੱਤੇ ਜਾਣ ਵਾਲੇ ਭਿੰਨ-ਭਿੰਨ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਸਾਲ 2015-16 ਦੌਰਾਨ ਦਿੱਤੀ ਜਾਣ ਵਾਲੀ ਰਾਸ਼ੀ, ਮੈਰਿਟ ਸਕਾਲਰਸ਼ਿਪ ਸਕੀਮ ਸਾਲ 2015-16 ਦੀਆਂ ਸ਼ਰਤਾਂ ਅਤੇ ਵਜ਼ੀਫੇ ਦੇ ਲਈ ਫਾਰਮ ਇਸ ਮਹੀਨੇ ਦੇ ਲੁਬਾਣਾ ਸੇਵਕ ਵਿਚ ਛਾਪੇ ਜਾ ਰਹੇ ਹਨ।

ਬੇਨਤੀ ਕੀਤੀ ਜਾਂਦੀ ਹੈ ਕਿ ਫਾਰਮ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਸੈਕਟਰ 30-ਏ ਚੰਡੀਗੜ੍ਹ, ਜਨਰਲ ਸਕੱਤਰ ਨੂੰ 30 ਸਤੰਬਰ 2015 ਤੱਕ ਭੇਜ ਦਿੱਤੇ ਜਾਣ।

**(ਹਰਬੰਸ ਸਿੰਘ)**

**ਜਨਰਲ ਸਕੱਤਰ**

# PROPOSAL FOR AMENDMENTS OF RULES FOR GRANT OF MERIT-CUM-MEANS SCHOLARSHIP BY BABA MAKHAN SHAH LOBANA FOUNDATION (REGD.)

Baba Makhan Shah Lobana Foundation (Regd.) Chandigarh had been granting scholarships to students since 1996. Ten percentage of its revenue is required to be used for charitable purpose. At present an amount of approximately Rupees five lac is spent for this purpose. In addition to this students are provided living accommodation on nominal charges, whenever they stay in Chandigarh required for attending courses/ Trainings/ Seminars etc. At present, every year more than 50 students avail this privilege. Students from Rural are given preference. Students from all walk of life are being given these benefits.

**A) Merit Scholarships: -** These scholarships are granted to students up to Senior Secondary. 10+1, 10+2 level on the basis of Board Examinations. Students appearing in Board Examinations in 8th class, secondary/matric and higher secondary 10+2 and scoring 85% and above marks are eligible and shall be suitably honoured.

**B) Merit-Cum-Means Scholarships:-** The Merit-Cum-Means scholarships are granted at minimum qualifying limit of 65% marks. The student granted scholarships can avail the benefit for the next year also i.e. class 9th & 10th /11th & 12th for next one year professional courses or any other category mentioned in the scheme, provided he /she maintains to secure 65% marks in the previous examination/ semesters etc.

Merit-cum-Means Scholarships will be granted to those, who are covered under the rules appended below :

1. Scholarships will be granted to a student who is studying in India.
2. Applications should be complete in all respect to reach Baba Makhan Shah Lobana Foundation Office by 30th September each year.
3. Only one child in a family is eligible for the grant of scholarship. However Management may consider the grant of scholarship to the 2nd child under the Management quota i.e. 20 % of the total eligible applicants. The students who are getting 65% marks in Urban and 60% marks in rural area are only eligible for this category in two installments.
4. Scholarship will be granted for 12 months i.e. up to Senior Secondary. 10+2 Ist April to 31st March next year and others Ist July to 30th June next year.
5. Applications are to be filled with due care, fresh application is to be submitted for each academic year.
6. Scholarship will be granted in the following ratio:-

| | |
|---|---|
| Rural- | 60% All village upto Tehsil Level |
| Urban - | 20% All District, Sub Division and Tehsil Headquarters |
| Management | 20% |

**(Harbans Singh)**
**General Secretary**

# GRANT OF MERIT, MERIT-CUM-MEANS SCHOLARSHIP SCHEME 2015-16

| Sr. No. | Sub Sr. No. | Board Or University In Which Studying | Courses & Class | Min Pass % | Annual Income Limit (Parents/ Guardian) | No. of Scholarship | Amt. of Schola-rship (In Rs.) |
|---|---|---|---|---|---|---|---|
| 1 | A | | Management Quota for eligible applicants of all categories | 65 | 2.5 Lac | 20% of the eligible applicants | To be decided by the manag ement |
| | A | | 9TH & 10TH | 65 | 2.5 Lac | 30 | 300 |
| 2 | B | Matric (Board Exam) | 10+1 & 10+2, I.T.I., Nursing Certificate, Craft Certificate or equivalent | 65 | 2.5 Lac | 30 | 400 |
| | C | Senior Secondary | B.Sc/B.A/B.Com (I, II&III), B.C.A., B.B.A. (I, II&III), B.Sc Agriculture/Nursing, Poly Tech Diploma, B. Pharmacy, Nursing Diploma, Health care/Fashion Design / B.A. LLB 5 years, Finance/ Hotel management (Diploma) or equivalent | 65 | 2.5 Lac | 20 | 400 |
| | D | B.A./B.sc/ B.Com (University) | M.Sc.,MA/ M.Com (I&II), B.Ed, . L.L.M, M.B.A., M.C.A., Hotel Mgt (Degree), P.G.D.C.A., Computer Sc. Programme, M Pharmacy, M.Ed, M.Sc Nursing | 65 | 2.5 Lac | 05 | 500 |
| | E | Senior Secondary* (Board Exam) and subsequent semester | B.E. - (I to iV), IIT, BVSC, AH, BE/B.Tech, (I to IV), IIT, BDS, MBBS BAMS, BHMS, or selected in Entrance test , | 65 | 2.5 Lac | 10 | 1000 |
| | F | Graduation Degree * | M. Tech., I.I.M. | 65 | 2.5 Lac | 1 | 1500 |
| 3 | A | Misce-Laneous Compassion Basis | Wards of Soldiers died in War/ insurgency against militancy and handicapped Parents/ Students(to be decided by the Committee). * selected in entrance test of professional courses. | --- | ----- | Lump Sum | 10000 |

Application Regd. No.__________

# Baba Makhan Shah Lobana Foundation (Regd.)

Sector-30-A, Chandigarh-160030 Phone: - 0172-2657340

## APPLICATION FORM

**Merit, Merit Cum-Means Scholarship for Academic Year-201___**

1. Name of Applicant______________________________________________
   (In Block Letters)
2. I) Father's Name:-______________________________________________
   ii) Mother's Name: - ______________________________________________
   ii) Occupation ______________________________________________
3. Caste ______________________________________________
4. Address for Correspondence :- Village :- ____________ Post office :- ______________
   Police Station:-____________________________Tehsil :-____________________________
   Distt-:-______________________ Pin Code:________________
5. Permanent Address :-______________________________________________
   Contact No. - Mobile: ________________ STD Code: - ______Landline No.____________
6. Class in which studying______________________________________________
7. Past performance and merit in the school/board/ university:

| Class | Board/University | Year of Passing | % (Percentage) | Ramarks |
|---|---|---|---|---|
| | | | | |
| | | | | |
| | | | | |

8. Were you granted scholarship last year : Yes/No

If Yes, Amount of Scholarship received (last year) ____________________ Class _______________

9. i) Annual income of Parents/ Guardians in Rs. _________________ p.a.
   ii) Attach income certificate from the employer (mandatory)
   iii) Land holding to be verified by revenue officer from his office record.
   iv) Income verified by the Sarpanch and counter signed by BDPO/ Executive Committee Member of BMSL Chandigarh

10. Signatures a) Student: _______________________ dated _______________

b) Father-Guardian _________________ dated ______________

11. Name of the Bank________________________________________ Place:-_______________________

Online Account No. _______________________________IFSC Code:- ___________________________

12. Identity Document:- Adhaar Card/ Election Card/ Ration Card

**Note: - List of documents to be attached with application:-**

i) Self attested photocopy of mark sheet

ii) Self attested any other educational document, if any

13. Certificate of the Head of the institution :

Certified that the applicant is a regular student of class __________ in this school/ college and particulars as shown above are correct

**Place: -** **Signature** __________________

**Dated: -** **Name** _____________________

**Designation Stamp/Seal**

1. Certify that the above facts stated are correct & true to my knowledge.

Recommended by the Executive Committee Member of the region with designation, address and Membership Number of BMSL, Chandigarh.

**Official seal**

**Signature** ________________

**Name in capital letters**

## FOR OFFICE USE ONLY

I) Date of application received ________________________________

ii) No. of enclosures with the application ________________________

iii) Completion/ correctness of the applicant

Verified by Manger

iv) Signature of the Convener

**Manager** **Convener**

# POST MATRIC SCHOLARSHIP SCHEME FOR MINORITY STUDENTS-2015-16

## Last Date-15th September, 2015 (For Fresh Applications)

## 10th October, 2015 (For Renewal Applications)

Online applications are invited from students belonging to minority communities (Sikhs, Muslims, Christians, Buddhists, Parsis&Jains) Pursing studies in Gov or Private Senior Secondary Schools/Colleges/Universities including residential institues,polytechnics. It is Industrial Training Centres Affiliated with NCVT, approved by the competent authourity, for awarding scholarships under Post-Martric Scholarship Scheme for the session 2015-16, on website www.scholarships.gov.in

### Eligibility Criterial/Conditions for Scholarship

**I)** Annual income of the parents or guardian of the student Should not exceed Rs. 2.00 Lacs from all sources.

**ii)** Scholarship is to be awarded to the sturdents who have secured not less than 50% marks in the previous final examination.

**iii)** Scholarship will not be given to more than two students in a family.

**iv)** A Scholarship holder under this scheme will not avail any other scholarship/stipend for pursuing the same course.

**v)** The student should be resident of Punjab State and regular in attendance.

**vi)** Continuation (Renewal) of the Scholarship will be paid to those students who secure not less than 50% marks in the previous final examination.

**vii)** Income certificate should be on self certification basis by way of an affidavit on non-judicial stamp paper for self-employed parents/guaridan and from employer for employed parents/guardian.

### Rate of Scholarship

| S.No. | Item | Hosteler | Day-Scholar |
|---|---|---|---|
| 1. | Admission and tution fee for class xi and xii | Actual, Subject to a maximum ceiling of Rs. 7,000/P.a | Actual Subject to a maximum Ceiling of Rs.7,000/-P.a. |
| 2. | Admission and course/tution fee for technical Vocational courses of xi and xii level. (includes expenses for study material etc.) | Actual, Subject to a maximum Ceiling of Rs. 10,000/-P.a | Actual, Subject to a maximum Ceiling of Rs. 10,000/-P.a |

| | | | |
|---|---|---|---|
| **3.** | Admission and tuition fee for under graduate, Post Graduate | Acutal, Subject to a maximum ceiling of Rs. 3,000/-P.a | Actual, Subject to a maximum ceiling of Rs. 3,000/-p.a |
| **4.** | Maintenance allowance for 10 months only in an academic year from admission date (includes expenses for study material etc.) | | |
| | i) Classes xi and xii including technical and vacational course of this level. | Rs. 380/-P.m | Rs. 230/-p.m |
| | ii) Courses other than technical and Professional courses at under graduate and post graduate level | Rs. 570/-pm | Rs. 300/- P.m. |
| | iii) M.Phil and Ph.D. (for those researchers who are not awarded any fellowship by university or any other authority) | Rs 1200/-P.m | Rs. 550/-P.m. |

## Time lines for fresh/Renewal Applications

Last date for submission of onlinde applications to the Schools/Colleges/Institutes for fresh Scholarships by students is 15th September 2015 and hard copies to the Welfare Department by Schools/Colleges/Institutes is 25th September 2015. Similarly for renewal scholarships, for students last date is 10th October 2015. National Scholarship Web Portal of Govt. of India, will be opened from Ist June 2015.

## How to Apply

**a)** The eligible students can apply online on the website www.scholarships.gov.in. Students will forward their applications online to the Schools/Colleges/Institutions and fresh students will take a print out of the same. This print out along-with all requisite documents (as prescribed in the print out) will be submitted to the concerned institution. Student will get a Temporary ID. Which He/She will retain/keep with him/her for any further correspondence etc. Renewal candidates will upload the prescribed scanned documnets at the time of apply.

**b)** The Scholls/Colleges/Institution will scrutinize & forward all these aplication online by login on the same website with User IDs and passwords (provided to them earlier by Welfare Department) by 5th October 2015 for fresh and 31st October 2015 for renewal applications.

## Note:

**i)** Students/Institutes are advised to read the ``**FAQ**” and Information for Institutes” available on the home-page of the website carefully before filling online applications and scrutiny by the institutes.

**ii)** Institutes will ensure that only those online applications be forwarded to Welfare Department Where hard copies with documents are submitted by the students and certified by them.

**iii)** If hard copies are not received by Welfare Department within the prescribed date, the online applications shall be rejected.

**iv)** No manual application will be entertained.

For further detail, visit: www.minorityaffairs.gov.in Queries/Clarifications and for new registration welcome at: minorityaffairspunjab@gmail.com Toll Free No. 1800-137-0015.

**General Secretary**

# MERIT-CUM-MEANS SCHOLARSHIP SCHEME FOR MINORITY STUDENTS-2015-16

## Last Date-30th September, 2015 (For Fresh Applications)

## 15th November, 2015 (For Renewal Applications)

Online applications are invited from students belonging to minority communities (Sikhs, Muslims, Christians, Buddhists, Parsis & Jains) Pursing technical or professional courses at graduate/post graduate level in the institutions in the Punjab State approved by the competent authority under Merit-cum-means based Scholarship Scheme for the session 2015-16, on website www.scholarships.gov.in

**Eligibility & Conditions for Scholarship**

i) Annual income of the beneficiary/parent or guardian of beneficiary Should not exceed Rs. 2.50 Lacs from all sources.

ii) Scholarship is awarded to the students who have secured not less than 50% marks oreqivalent grade in the previous final examination.

iii) Renewal of scholarship depends on successful completion of the course during the preceding year and securing not less than 50% marks.

iv) A Scholarship holder under this scheme will not avail any other scholarship/stipend for pursuing the same course.

v) A Student residing in Punjab State is entitied for scholarship under the quota of the State irrespective of his place of study.

vi) Income certificate should be on self certification basis by way of an affidavit on non-judicial stamp paper for self-employed parents/guaridan and from employer for employed parents/guardian.

**Rate of Scholarship**

| S.No. | Type of Finacial assistance | Rate for hosteller | Rate for day-scholar |
|---|---|---|---|
| 1. | Maintenance allowance from date of admission (for 10 months only) | Rs 10,000 per annuam (Rs1000/-pm) | Rs. 5,000 per annuam (Rs.500/-pm) |
| 2. | Course fee | Rs. 20,000/-per annuam or actual Whichever is less | Rs. 20,000/- per annuam or actual Whichever is less |
| | **Total** | **Rs. 30,000/-** | **Rs. 25,000/-** |

* Full Course fee will be reimbursed for National level Institutation such as IITs, IIM`s, etc.

**Time lines for fresh/Renewal Applications**

Last date for submission of online applications to the Institution for fresh Scholarships by students is 30th September 2015 and hard copies to the Welfare Department by the Institutes is 10th October 2015. Similiarty for renewal scholarships, the last date is 15th November 2015 and for the Institutes is 20th November 2015. National Scholarship Web Portal of Govt. of India, will be opened from Ist June 2015.

**How to Apply**

a) The eligible students can apply online on the website www.scholarships.gov.in. Students will forward their applications online to the Institutions and will take a print out of the same. This print out along-with all requisite documents (as prescribed in the print out) will be submitted to the concerned institution. Student will get a Temporary ID. Which he/she will retain/keep with him/her for any further correspondence etc.

b) The Institution will scrutinize & forward all these aplication online by login on the same website with User IDs and passwords (provided to them earlier by Welfare Department) by 20th October 2015 for fresh and 25th November 2015 for renewal applications.

**Note:**

i) Students/Institutes are advised to read the ``FAQ" and Information for Institutes" available on the home-page of the website carefully before filling online applications and scrutiny by the institutes.

ii) Institutes will ensure that only those online applications be forwarded to Welfare Department Where hard copies with documents are submitted by the students and certified by them.

iii) If hard copies are not received by Welfare Department within the prescribed date, the online applications shall be rejected.

iv) No manual application will be entertained.

For further detail, visit: www.minorityaffairs.gov.in Queries/Clarifications and for new registration Welcome at: minorityaffairspunjab@gmail.com Toll Free No. 1800-137-0015.

**General Secretary**

# LIST OF LOBANA SEWAK MEMBERS OF BMSL, FOUNDATION, CHANDIGARH

| Sr. No. | Name & Address | Receipt No. | Date | Amount |
|---|---|---|---|---|
| 1. | Master Desa Singh Josh<br>Vill.-Dablehar, Teh- R.S. Pura,<br>Distt-Jammu (J &K) | J-8146 | 06/06/15 | 1100/- |
| 2. | S. Bikram Singh, S/O S. Ajit Singh<br># 21, Baba Makhan Shah<br>Lobana Nagar, Jalandhar-144001 | H-6860 | 07/06/15 | 1100/- |
| 3. | S. Lakhvir Singh, S/O S. Kartar Singh<br>Vill & P.O. - Jalalpur, Distt-Hoshiarpur | H-6870 | 10/06/15 | 1100/- |
| 4. | S. Gurdial Singh, S/O S. Lachman Singh<br># 259/8, New Vita Enclave,<br>New Milk Plant, Ambala City 134007 | H-6863 | 09/06/15 | 1100/- |
| 5. | S. Charanjit Singh Grewal<br># 539, Phase-3-A, Mohali | H-7402 | 12/06/15 | 1100/- |
| 6. | Col. Harjit Singh<br># 2503, Phase-11, Mohali | J-8147 | 14/06/15 | 1100/- |
| 7. | S. Kashmir Singh Multani,<br># 197, Jawala Nagar<br>Maqsoodan, Jalandhar-144008 | H-8148 | 14/06/15 | 1100/- |
| 8. | S. Sarmukh Singh,<br>S/O S. Rajinder Singh<br># 1833, Phase-5, Mohali | H-6879 | 04/07/15 | 1100/- |
| 9. | S. Surjit Singh<br>S/O S. Charanjit Singh<br># 1323-A, Phase-10, Mohali | H-6880 | 04/07/15 | 1100/- |
| 10. | S. Jaswant Singh, s/o Late<br>Chatter Singh, Vill.-Bhule Chak, P.O.-Tibri<br>Teh & Distt-Gurdaspur (Pb.) | H-6886 | 16/07/15 | 1100/- |
| 11. | S. Jagjit Singh S/o Sardar Singh<br># 14, Gurmet Enclave, Bir Khani Gujjan,<br>New Sulla Chak, Patiala | J-8149 | 19/07/15 | 1100/- |

# ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਨੂੰ ਮਾਇਆ ਭੇਜਣ ਵਾਲੇ ਦਾਨੀ ਸੱਜਣਾਂ ਦੀ ਸੂਚੀ

## ਮਿਤੀ 1-07-2015 ਤੋਂ 31-07-2015

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਜਗਮੋਹਨ ਸਿੰਘ<br>ਮਕਾਨ ਨੰ.-390, ਸੈਕਟਰ-16, ਪੰਚਕੂਲਾ | 1000/- | ਐਚ-6240 | 01-07-2015 |
| 2. | ਸ. ਸੁਰਿੰਦਰ ਸਿੰਘ ਮੁਲਤਾਨੀ<br>197, ਨਿਊ ਜਵਾਹਰ ਨਗਰ, ਜਲੰਧਰ | 5100/- | ਐਚ-9803 | 13-07-2015 |
| 3. | ਸ. ਗੁਰਚਰਨ ਸਿੰਘ ਪਾਲੀਆ<br>ਮਕਾਨ ਨੰ.-763, ਸੈਕਟਰ-40 ਏ, ਚੰਡੀਗੜ੍ਹ | 200/- | ਐਚ -6156 | 16-07-2015 |
| 4. | ਪੰਡਤ ਰਾਮ ਕੁਮਾਰ ਕੈਨਟੀਨ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 500/- | ਐਚ-6157 | 16-07-2015 |
| 5. | ਸ. ਗੁਰਬਚਨ ਸਿੰਘ, ਸੀਨੀਅਰ ਮੈਨੇਜਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-6159 | 16-07-2015 |
| 6. | ਗੁਪਤ ਦਾਨ | 500/- | ਐਚ-6160 | 16-07-2015 |
| 7. | ਸ. ਗੁਰਚਰਨ ਸਿੰਘ, ਪ੍ਰਧਾਨ<br>ਮਕਾਨ ਨੰ.-117, ਸੈਕਟਰ-35-ਏ, ਚੰਡੀਗੜ੍ਹ | 500/- | ਐਚ-6254 | 16-07-2015 |
| 8. | ਸ. ਹਰਦੇਵ ਸਿੰਘ ਮਕਾਨ ਨੰ.-1747,<br>ਫੇਸ-7, ਮੋਹਾਲੀ | 200/- | ਐਚ-6255 | 16-07-2015 |
| 9. | ਸ. ਹਰਬੰਸ ਸਿੰਘ, ਜਨਰਲ ਸਕੱਤਰ<br>ਮਕਾਨ ਨੰ.-2060, ਫੇਸ-10, ਮੋਹਾਲੀ | 500/- | ਐਚ-6256 | 16-07-2015 |
| 10. | ਮੇਜਰ ਤਰਲੋਕ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ-6257 | 16-07-2015 |
| 11. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ.-62, ਸੈਕਟਰ-71, ਮੋਹਾਲੀ | 500/- | ਐਚ-6258 | 16-07-2015 |
| 12. | ਸ. ਬਲਵਿੰਦਰ ਸਿੰਘ ਮੁਲਤਾਨੀ<br>ਮੀਤ ਪ੍ਰਧਾਨ (ਹੈਡਕੁਆਰਟਰ), ਮਕਾਨ ਨੰ.-541,<br>ਫੇਸ-3-ਏ, ਮੋਹਾਲੀ | 500/- | ਐਚ-6259 | 16-07-2015 |
| 13. | ਸ. ਹਰਿੰਦਰ ਸਿੰਘ<br>ਮਕਾਨ ਨੰ.-383, ਫੇਸ-4, ਮੋਹਾਲੀ | 200/- | ਐਚ-6260 | 16-07-2015 |
| 14. | ਸਰਦਾਰਨੀ ਚਰਨਜੀਤ ਕੌਰ ਪਤਨੀ<br>ਫਲਾਈਟ ਲੈਫ. ਗੁਰਬਚਨ ਸਿੰਘ, ਪੰਚਕੂਲਾ | 500/- | ਐਚ-7452 | 16-07-2015 |
| 15. | ਸ. ਭਗਤ ਸਿੰਘ , ਆਈ. ਏ. ਐਸ. (ਰਿਟਾ.)<br>ਮਕਾਨ ਨੰ.-795, ਫੇਸ-3-ਬੀ-1, ਮੋਹਾਲੀ | 1100/- | ਐਚ-7453 | 16-07-2015 |

| | | | | |
|---|---|---|---|---|
| 16 | ਸ. ਧਰਮਵੀਰ ਸਿੰਘ, ਕੇਅਰ ਟੇਕਰ<br>ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ | 200/- | ਐਚ-7454 | 16-07-2015 |
| 17. | ਸ. ਹਰਭਜਨ ਸਿੰਘ<br>ਡੀ. ਆਈ. ਜੀ. (ਰਿਟਾ.), ਜ਼ੀਰਕਪੁਰ | 500/- | ਐਚ-7455 | 16-07-2015 |
| 18. | ਕਮਾਂਡਰ ਜੋਗਿੰਦਰ ਸਿੰਘ<br>ਮਕਾਨ ਨੰ.-2368, ਫੇਸ-11, ਮੋਹਾਲੀ | 500/- | ਐਚ-7456 | 16-07-2015 |
| 19. | ਸ. ਗੁਰਬਚਨ ਸਿੰਘ<br>ਮਕਾਨ ਨੰ.-2808/2, ਸੈਕਟਰ-47-ਸੀ, ਚੰਡੀਗੜ੍ਹ | 100/- | ਐਚ-7457 | 16-07-2015 |
| 20. | ਸ. ਰਾਜਿੰਦਰਪਾਲ ਸਿੰਘ<br>ਮਕਾਨ ਨੰ.-3454, ਸੈਕਟਰ-24, ਚੰਡੀਗੜ੍ਹ | 100/- | ਐਚ-7458 | 16-07-2015 |
| 21. | ਕਰਨਲ ਮੱਖਣ ਸਿੰਘ<br>ਮਕਾਨ ਨੰ.-2094, ਫੇਸ-7, ਮੋਹਾਲੀ | 500/- | ਐਚ-7459 | 16-07-2015 |
| 22. | ਸ. ਮਲੂਕ ਸਿੰਘ, ਫੇਸ-11, ਮੋਹਾਲੀ | 100/- | ਐਚ-7460 | 16-07-2015 |
| 23. | ਸ. ਜਗੀਰ ਸਿੰਘ ਲਾਲੀਆ<br>ਮਕਾਨ ਨੰ.-1838, ਫੇਸ-7, ਮੋਹਾਲੀ | 100/- | ਐਚ-7461 | 16-07-2015 |
| 24. | ਸ. ਹਿੰਮਤ ਸਿੰਘ<br>ਮਕਾਨ ਨੰ.-2051, ਸੈਕਟਰ-21, ਚੰਡੀਗੜ੍ਹ | 500/- | ਐਚ-7462 | 16-07-2015 |
| 25. | ਸ. ਰਾਜਪਾਲ ਸਿੰਘ<br>ਐਨ ਏ ਸੀ-43, ਮਨੀਮਾਜਰਾ (ਚੰਡੀਗੜ੍ਹ) | 500/- | ਐਚ-7463 | 16-07-2015 |
| 26. | ਬੀਬੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 1100/- | ਐਚ-7464 | 16-07-2015 |
| 27. | ਸ. ਹਰਜਿੰਦਰ ਸਿੰਘ<br>ਮਕਾਨ ਨੰ.-1207, ਸੈਕਟਰ-22, ਚੰਡੀਗੜ੍ਹ | 500/- | ਐਚ-7465 | 16-07-2015 |
| 28. | ਸ. ਦਰਸ਼ਨ ਸਿੰਘ<br>ਮਕਾਨ ਨੰ.-1204, ਸੈਕਟਰ-22, ਚੰਡੀਗੜ੍ਹ | 200/- | ਐਚ-7466 | 16-07-2015 |
| 29. | ਸ. ਸਰਪ੍ਰੀਤ ਸਿੰਘ | 200/- | ਐਚ-7467 | 16-07-2015 |
| 30. | ਡਾ. ਐਚ. ਐਸ. ਮੁਲਤਾਨੀ<br>ਮਕਾਨ ਨੰ.-2102, ਫੇਸ-10, ਮੋਹਾਲੀ | 200/- | ਐਚ-7469 | 16-07-2015 |
| 31. | ਕਰਨਲ ਜਗਤਾਰ ਸਿੰਘ ਮੁਲਤਾਨੀ<br>ਮਕਾਨ ਨੰ.-114, ਸੈਕਟਰ-33 ਏ, ਚੰਡੀਗੜ੍ਹ | 500/- | ਐਚ-7470 | 16-07-2015 |
| 32. | ਸ. ਅਮਰਜੀਤ ਸਿੰਘ ਮੁਲਤਾਨੀ | 100/- | ਐਚ-7471 | 16-07-2015 |
| 33. | ਸ. ਗਿਆਨ ਸਿੰਘ ਮੁਲਤਾਨੀ,<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ),<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-7472 | 16-07-2015 |
| 34. | ਸ. ਅਮਰਜੀਤ ਸਿੰਘ ਸਪੁੱਤਰ<br>ਸ. ਗਿਆਨ ਸਿੰਘ ਮੁਲਤਾਨੀ, ਸੀਨੀਅਰ ਮੀਤ ਪ੍ਰਧਾਨ<br>(ਹੈਡਕੁਆਰਟਰ), ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 200/- | ਐਚ-7473 | 16-07-2015 |

| | | | | |
|---|---|---|---|---|
| 35. | ਸਰਦਾਰਨੀ ਚਰਨਜੀਤ ਕੌਰ ਸੁਪਤਨੀ<br>ਸਵਰਗਵਾਸੀ ਗੁਰਬਚਨ ਸਿੰਘ<br>ਮਕਾਨ ਨੰ.-778, ਡੋਗ ਕੈਨਲ, ਵਿਕਾਸ ਨਗਰ, ਨਯਾ, ਗਾਉਂ ਚੰਡੀਗੜ੍ਹ | 1000/- | ਐਚ-7477 | 27-07-2015 |

## ਮੋਬਾਇਲ ਲੈਬੋਰੇਟਰੀ - ਪਹਿਲਾਂ ਜਮ੍ਹਾ ਰਾਸ਼ੀ = 86000 ਰੁਪਏ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਗੁਰਦਿਆਲ ਸਿੰਘ, ਸੰਤ ਮੋਟਰਜ, ਕਾਲਜ ਰੋਡ<br>ਵਾਰਡ ਨੰ.-1, ਬੇਗੋਵਾਲ, ਜ਼ਿਲ੍ਹਾ-ਕਪੂਰਥਲਾ | 5100/- | ਐਚ-6878 | 03-07-2015 |
| 2. | ਐਚ ਪੀ ਅਲਾਏ ਸਟੀਲ ਐਂਡ ਮਿਲ ਸਟੋਰ<br>ਐਸ.ਸੀ.ਓ -36, ਫੇਸ-7, ਇੰਡਸਟਰੀਅਲ ਏਰੀਆ, ਮੋਹਾਲੀ | 5100/- | ਐਚ-6881 | 04-07-2015 |
| 3. | ਸ੍ਰੀ ਕ੍ਰਿਸ਼ਨ ਗੋਪਾਲ ਭੱਲਾ,<br>ਡੈਂਟਲ ਕਲਿਨਿਕ, ਸਿਵਾਲਿਕ ਲੇਨ,<br>ਨੇੜੇ ਸਿਵਿਲ ਹਸਪਤਾਲ, ਅਨੰਦਪੁਰ ਸਾਹਿਬ, ਰੋਪੜ | 5000/- | ਐਚ-6882 | 09-07-2015 |
| 4. | ਸ. ਸੇਵਾ ਸਿੰਘ, ਸਪੁੱਤਰ ਸ. ਮਹਿੰਗਾ ਸਿੰਘ<br>ਪਿੰਡ ਤੇ ਡਾ.-ਗਿਲਜੀਆ, ਮਿਆਣੀ, ਜ਼ਿਲ੍ਹਾ-ਹੁਸ਼ਿਆਰਪੁਰ | 5000/- | ਐਚ-6883 | 12-07-2015 |
| 5. | ਸ. ਮਨਜੀਤ ਸਿੰਘ ਮੁਲਤਾਨੀ<br>ਮਕਾਨ ਨੰ.-1005, ਸੈਕਟਰ-71, ਮੋਹਾਲੀ | 5100/- | ਐਚ-7468 | 16-07-2015 |
| 6. | ਸ. ਗਿਆਨ ਸਿੰਘ ਲੰਬਰਦਾਰ<br>ਮਕਾਨ ਨੰ.-297, ਸੈਕਟਰ-2, ਪੰਚਕੂਲਾ | 2100/- | ਐਚ-6884 | 16-07-2015 |
| 7. | ਸ. ਗੁਰਬਖਸ ਸਿੰਘ ਸਪੁੱਤਰ<br>ਸ. ਜੋਤਾ ਸਿੰਘ, ਮਕਾਨ ਨੰ.-184, ਸੈਕਟਰ-2, ਪੰਚਕੂਲਾ | 2100/- | ਐਚ-6885 | 16-07-2015 |
| 8. | ਕੈਪਟਨ ਰਾਜਿੰਦਰ ਸਿੰਘ<br>ਮਕਾਨ ਨੰ.-96, ਸੈਕਟਰ-10, ਚੰਡੀਗੜ੍ਹ | 21000/- | ਐਚ-6886 | 16-07-2015 |
| 9. | ਸ੍ਰੀ ਕੇਸਵ ਨਾਇਕ ਸਪੁੱਤਰ ਨਰਮ ਸਿੰਘ<br>ਪਿੰਡ-ਭੌਰ, ਡਾ.-ਕਨਾਇਡ,<br>ਤਹਿਸੀਲ-ਸੁੰਦਰ ਨਗਰ, ਹਿਮਾਚਲ | 11000/- | ਐਚ-6890 | 16-07-2015 |
| 10. | ਸ. ਗਿਆਨ ਸਿੰਘ ਮੁਲਤਾਨੀ,<br>ਸੀਨੀਅਰ ਮੀਤ ਪ੍ਰਧਾਨ (ਹੈਡਕੁਆਰਟਰ),<br>ਮਕਾਨ ਨੰ.-42, ਸੈਕਟਰ-16, ਚੰਡੀਗੜ੍ਹ | 10000/- | ਐਚ-7475 | 19-07-2015 |
| 11. | ਸ. ਦਰਸਨ ਸਿੰਘ, ਸਪੁੱਤਰ ਸ. ਹੀਰਾ ਸਿੰਘ<br>ਵਾਰਡ ਨੰ.-4, ਪਿੰਡ ਤੇ ਡਾ.-ਮਿਆਣੀ,<br>ਜ਼ਿਲ੍ਹਾ-ਹੁਸ਼ਿਆਰਪੁਰ | 5000/- | ਐਚ-6892 | 23-07-2015 |
| 12. | ਡਾ. ਭੁਪਿੰਦਰ ਸਿੰਘ ਸਪੁੱਤਰ ਸ. ਫਕੀਰ ਸਿੰਘ<br>ਮਕਾਨ ਨੰ.-115, ਵਾਰਡ ਨੰ.-12, ਨੇੜੇ-ਨਾਭਾ ਹਾਊਸ,<br>ਪਿੰਡ ਤੇ ਡਾ.-ਪੇਹਵਾ, ਜ਼ਿਲ੍ਹਾ-ਕੁਰਕਸ਼ੇਤਰਾ | 10000/- | ਐਚ-6893 | 23-07-2015 |

| | | | | |
|---|---|---|---|---|
| 13. | ਸ. ਸਤਿੰਦਰਪਾਲ ਸਿੰਘ ਸਪੁੱਤਰ ਸ. ਸਵਰਨ ਸਿੰਘ<br>ਮਕਾਨ ਨੰ-.127, ਗਲੀ ਨੰ.-3, ਦਸਮੇਸ਼ ਨਗਰ, ਪਟਿਆਲਾ | 5000/- | ਐਚ-6895 | 23-07-2015 |
| 14. | ਸ. ਗੁਰਚਰਨ ਸਿੰਘ ਪ੍ਰਧਾਨ | 100000/- | ਐਚ-6898 | 27-07-2015 |

## ਲਿਫਟ ਫੰਡ

| ਲੜੀ ਨੰ: | ਨਾਮ ਤੇ ਪਤਾ | ਰਾਸ਼ੀ ਰੁਪਏ | ਰਸੀਦ ਨੰ: | ਮਿਤੀ |
|---|---|---|---|---|
| 1. | ਸ. ਸੁਖਿੰਦਰ ਸਿੰਘ ਪੇਲੀਆ<br>ਬੀਬੀ ਹਰਪ੍ਰੀਤ ਕੌਰ ਪੇਲੀਆ<br>ਮਕਾਨ ਨੰ.-2218, ਸੈਕਟਰ-38 ਸੀ, ਚੰਡੀਗੜ੍ਹ | 51000/- | ਐਚ-7446 | 15-06-2015 |

* * *

## ਬੇਨਤੀ

**ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਨ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।**

**ਅਦਾਰਾ ਲੁਬਾਣਾ ਸੇਵਕ**

* * *

## ਬੇਨਤੀ

ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

**ਸੰਪਾਦਕ ਭਗਵਾਨ ਸਿੰਘ ਲੁਬਾਣਾ,**

**ਮੋ. 98155-40240,**

**lubanabs@yahoo.co.in**

# ਵਣ ਮਹਾਂਉਤਸਵ ਨੂੰ ਮਨਾਉਂਦਿਆਂ ਭਵਨ ਵਿਖੇ ਮੈਨੇਜਮੈਂਟ ਅਤੇ ਮੈਂਬਰਾਂ ਵਲੋਂ ਦੋ ਦਰੱਖਤ ਲਗਾਉਣ ਸਮੇਂ ਦੀਆਂ ਤਸਵੀਰਾਂ





Regd No. 32212/78 Postal No.-- CHD/0111/2015-17

**ਬੀਬੀ ਗੁਲਸ਼ਨ ਕੌਰ ਅਤੇ ਭਾਈ ਤਜਿੰਦਰ ਸਿੰਘ ਜੀ ਨੂੰ ਆਪਣੇ ਗ੍ਰਹਿ ਵਿਖੇ ਸਨਮਾਨਤ ਕਰਦੇ ਹੋਏ ਸ. ਗੁਰਚਰਨ ਸਿੰਘ ਜੀ ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਚੰਡੀਗੜ੍ਹ (ਰਜਿ.) ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ**



